# ਅੰਮ੍ਰਿਤ ਕੀਰਤਨ

ਅੰਕ 2 ਸਾਲ ਛੇਵਾਂ ਫਰਵਰੀ, 1994



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 2 ਸਾਲ ਛੇਵਾਂ ਫਰਵਰੀ 1994

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660
**ਚੰਦੇ ਦਾ ਵੇਰਵਾ**
ਇਕ ਕਾਪੀ 5 ਰਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਅੰਮ੍ਰਿਤ ਰਸ ਹਰਿ ਕੀਰਤਨੋ 1
—ਬਲਵਿੰਦਰ ਸਿੰਘ

2] ਸਰਦਾਰ ਮਹਿਤਾਬ ਸਿੰਘ-ਇਕ ਯਾਦ ਇਕ ਅਭਿਨੰਦਨ 7
—ਡਾ. ਜਸਵੰਤ ਸਿੰਘ ਨੇਕੀ

3] ਗੁਰ ਕੀਰਤਨ ਪ੍ਰੰਪਰਾ ਨੂੰ ਸਮਰਪਿਤ-ਭਾਈ ਉਤਮ ਸਿੰਘ ਰਾਗੀ 11
—ਰਣਜੀਤ ਰਾਹੀ

4] ਰਾਗ ਬਿਲਾਵਲ 13
ਜੀ. ਐਸ. ਸਰਦਾਰ

5] ਗੁਰੂ ਨਾਨਕ ਦੇਵ ਜੀ ਅਤੇ ਕੀਰਤਨ 15
—ਪ੍ਰਿੰ: ਸਤਬੀਰ ਸਿੰਘ

6] ਸੌ ਸਾਲ ਪੁਰਾਣੇ ਗਵੱਈਏ 17
—ਪ੍ਰੋ: ਪਿਆਰਾ ਸਿੰਘ ਪਦਮ

7] ਸੱਚ ਦੀ ਰਾਹ ਤੇ-ਦੋ ਪੁਸਤਕਾਂ 23

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ ।

# ਅੰਮ੍ਰਿਤ ਰਸ ਹਰਿ ਕੀਰਤਨੋ

—ਬਲਵਿੰਦਰ ਸਿੰਘ

212-ਭਾਈ ਰਣਧੀਰ ਸਿੰਘ ਨਗਰ ਲੁਧਿਆਣਾ

ਦੋਵੇਂ ਜਹਾਨ, ਤਿੰਨੇ ਲੋਕ, ਚਾਰੇ ਖਾਣੀਆਂ, ਪੰਜ ਤਤ, ਛੇ ਸ਼ਾਸਤਰ, ਸਤ ਰਿਸ਼ੀ, ਅਸ਼ਟਯੋਗ, ਨੌਂ ਖੰਡ ਪ੍ਰਿਥਵੀ ਬ੍ਰਹਮੰਡ, ਦਸੇ ਦਿਸ਼ਾਵਾਂ ਸਭ ਇਕ ਵਾਹਿਗੁਰੂ ਦਾ ਗੁਣ ਗਾਨ ਇਕ ਚਿਤ ਇਕ ਮਨ, ਇਕ ਸਾਰ ਲਗਾਤਾਰ ਦਿਨ ਰਾਤ ਕਰ ਰਹੇ ਹਨ। ਇਹੀ ਮਹਾਨ ਕੀਰਤਨ ਹੈ ਜੋ ਅਰੋਕ ਬਿਨਾ ਰੋਕ ਟੋਕ ਮੁਤਵਾਤਰ ਚਲ ਰਿਹਾ ਹੈ। ਸਾਰੇ ਗ੍ਰਹਿ ਸ੍ਰਿਸ਼ਟੀ ਕਹਿਕਸ਼ਾਵਾਂ, ਪਿੰਡ ਇਕ ਮਹਾਂਗਾਨ ਗਾਦੀ ਚਲੇ ਜਾ ਰਹੇ ਹਨ। ਪੌਣ, ਪਾਣੀ, ਵੈਸੰਤਰ, ਰਿਸ਼ੀ, ਸਰਬਲੀ, ਬਲਿਸ਼ਟ ਧਰਮਰਾਜ, ਚਿਤਰਗੁਪਤ, ਦੇਵੀ ਦੇਵਤੇ, ਸਮਾਧੀਆਂ ਵਿੱਚ ਸਿਧ ਵਿਦਵਾਨ ਆਪਣੇ ਗਿਆਨ ਤੇ ਬਧੀ ਨਾਲ ਉਸ ਅਕਾਲ ਪੁਰਖ ਨੂੰ ਗਾ ਰਹੇ ਹਨ। ਸਭ ਨਸ਼ਵਰ ਅਵਿਨਾਸ਼ੀ ਥਾਪਨਾ, ਉਤਪਤੀ, ਆਵਾਗਵਨ, ਸੂਰਜ, ਚਨ ਤਾਰੇ ਇਕ ਭੈ ਵਿਚ, ਇਕ ਲੈਅ ਵਿੱਚ, ਇਕ ਸੁਰ, ਇਕ ਤਾਲ ਵਿੱਚ ਸਭ ਦ ਨਾਲ ਨਾਲ ਬਿਨਾ ਉਖੜੇ ਬਿਨਾ ਆਪਣੇ ਰਾਹ ਤੋਂ ਹਿਲੇ, ਇਕ ਲੈਅ (ਰਿਧਮ) ਵਿੱਚ ਉਸ ਦੀ ਸਿਫਤ ਸਲਾਹ ਗੁਨ ਗਾਨ ਕੀਰਤੀ ਤੇ ਕੀਰਤਨ ਵਿੱਚ ਰੁਝੇ ਹੋਏ ਹਨ। ਇਸ ਤਰ੍ਹਾਂ ਕੀਰਤਨ ਵਾਲੇ ਹਿਰਦੇ ਵਿਰਲੇ ਤੇ ਨਿਰਾਲੇ ਹਨ, ਬਿਲਕੁਲ ਇਸੇ ਤਰ੍ਹਾਂ ਉਹ ਅੱਖਾਂ ਵੀ ਵਿਲਖਣ ਹਨ ਜੋ ਪਾਰਬ੍ਰਹਮ ਦੇ ਲੱਛਣ ਲਖਨ ਵਿੱਚ ਲਗੀਆਂ ਹੋਈਆਂ ਹਨ। ਉਹ ਕੰਨ ਵੀ ਵਖਰੀ ਤਰ੍ਹਾਂ ਦੇ ਹਨ ਤੇ ਧੰਨ ਹਨ ਜਿਹੜੇ ਸਾਰੇ ਬ੍ਰਹਿਮੰਡ ਤੇ ਉਸ ਦੇ ਕਣ ਕਣ ਨੂੰ ਸੇਂਵਦਿਆਂ ਹੋਇਆ ਸੁਣ ਸਕਦੇ ਹਨ। ਗੁਰੂ ਪਿਤਾ ਦਾ ਹੁਕਮ ਹੈ ਸਭ ਸ੍ਰਿਸਟ ਸੇਵੇ ਦਿਨ ਰਾਤ ਜੀਓ, ਦੇ ਕੰਨ ਸੁਣੋ ਅਰਦਾਸ ਜੀਓ॥

ਕਿਸੇ ਤੇ ਗੁਰੂ ਕਿਰਪਾ ਕਰੇ, ਉਹ ਕੰਨ ਦੇ ਕੇ (on lending the ear) ਇਹ ਸਭ ਸੁਣ ਸਕਦਾ ਹੈ। ਇਹ ਕੋਈ ਜੁਗਤ ਜਾਦੂ ਜਾਂ ਸਾਧਨਾ ਨਾਲ ਨਹੀਂ ਪ੍ਰਾਪਤ ਹੁੰਦਾ ਬਲਕਿ ਅਕਾਲ ਪੁਰਖ ਦੀ ਕਿਰਪਾ ਤੇ ਮਿਹਰ ਨਾਲ ਪ੍ਰਾਪਤ ਹੁੰਦਾ ਹੈ।

ਵਿਚਾਰਣਯੋਗ ਗਲ ਇਹ ਹੈ ਕਿ ਆਮ ਦ੍ਰਿਸ਼ਟੀ ਨਾਲ ਸਾਨੂੰ ਕੁਝ ਨਹੀਂ ਪਤਾ ਚਲ ਰਿਹਾ। ਸਾਰਾ ਨਿਜ਼ਾਮ ਚਲ ਰਿਹਾ ਹੈ, ਅਸੀਂ ਉਸ ਤੋਂ ਬੇਖਬਰ ਹਾਂ ਜਿਵੇਂ "ਕਛ ਹਥ ਕਿਸੇ ਦੇ ਕਿਛ ਨਹੀਂ, ਸਭ ਚਲਾਏ"। ਜਦੋਂ ਗੁਰੂ ਕਿਰਪਾ ਦੁਆਰਾ ਕਿਸੇ ਜੀਅ ਨੂੰ ਇਸਦਾ ਆਭਾਸ ਹੁੰਦਾ ਹੈ, ਤਾਂ ਇਹ ਅਹਿਸਾਸ ਹੁੰਦਾ ਹੈ ਕਿ ਉਹ ਇਸ ਮਹਾਂਗਾਨ ਵਿੱਚ ਸ਼ਾਮਿਲ ਹੈ। ਉਹ ਵਿਸਮਾਦ ਦਾ ਸੁਆਦ ਮਹਾਂਰਸ, ਅੰਮ੍ਰਿਤ ਰਸ, ਨਾਮ ਰਸ ਮਹਾਂਰਸ, ਜਾਂ ਅੰਮ੍ਰਿਤ ਰਸ ਹਰ ਕੀਰਤਨੋ ਹੈ। ਉਸ ਜਲਾਲ ਵਾਲੇ ਮਹਾਂ-ਦਿਆਲ ਦੇ ਬੇਮਿਸਾਲ

ਕੀਰਤਨੀਏ ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਨ ਕਰਦੇ ਹਨ ਕਿ ਐਸਾ ਪ੍ਰਾਣੀ ਸੁਹੇਲਾ ਹੈ ਤੇ ਸਦਾ ਸੁਖੀ ਹੈ ਦੁਖ ਦਲਿਦਰ ਉਸ ਦੇ ਨੇੜੇ ਨਹੀਂ ਆਉਂਦੇ ਉਹ ਸ੍ਰਿਸ਼ਟੀ ਦੇ ਚਾਲਕ ਤੇ ਮਾਲਕ ਭਾਰੀ ਠਾਕੁਰ ਦਾ ਚਾਕਰ ਚਾਕਰ ਹੁੰਦ ਹੈ ਤੇ ਉਸ ਨੂੰ ਇਹ ਗਲ ਗਿਆਨ ਰੂਪ ਵਿਚ ਪਰਪਕਤਾ ਨਾਲ ਦ੍ਰਿੜ ਹੋ ਜਾਂਦੀ ਹੈ ਕਿ ਕਰਣ ਕਾਰਨ ਸਤਿਗੁਰੂ ਆਪ ਹਨ, ਬਿਲਕੁਲ ਆਪ ਹਨ ਤੇ ਕੇਵਲ ਆਪ ਹਨ ਤੇ ਦੂਜਾ ਹੋਰ ਕਈ ਨਹੀਂ। ਇਹ ਗਿਆਨ ਹਉਮੈ ਵਾਲਾ ਨਹੀਂ, ਸਗੋਂ ਵਰਦਾਨ ਬਣ ਕੇ ਸਾਹਮਣੇ ਆਉਂਦਾ। ਹਉਮੈ ਵਾਲਾ ਕਿਤਨਾ ਵੀ ਤਾਕਤਵਰ ਹਵੇ ਪਰ ਉਹ ਨਿਰਭਉ ਨਹੀਂ ਹੋ ਸਕਦਾ। ਜਿਸ ਨੂੰ ਇਹ ਪ੍ਰਾਪਤ ਹੋਈ ਹੈ ਤੇ ਪਤਾ ਲਗ ਗਿਆ ਹੈ ਕਿ ਕਰਨ ਕਾਰਨ ਸਮਰਥ ਵਾਹਿਗੁਰੂ ਹੀ ਹੈ, ਉਹ ਜੀਵਨ ਵਿੱਚ ਨਿਰਭੈ ਯੋਧਾ ਹੋ ਕੇ ਹੀ ਨਿਬੜੇਗਾ। ਉਹ ਇਸ ਜਗ ਰੂਪੀ ਦੁਤਰ ਨੂੰ ਤਰ ਜਾਏਗਾ। ਓਹ ਵਾਹਿਗੁਰੂ ਦੀ ਨਿਗਾਹ ਵਿੱਚ ਆ ਜਏਗਾ। ਤੇ ਪਰਵਾਨ ਹੋ ਜਾਏਗਾ। ਸਰਬ ਸੁਖਾਂ ਦੇ ਖਜ਼ਾਨੇ ਇਸ ਨੂੰ ਪ੍ਰਾਪਤ ਹਨ। ਐਸੇ ਹਨ ਜਿੰਨਾ ਦੀ ਠਾਕਰ ਨਾਲ ਲਿਵ ਲਗ ਗਈ ਹੈ, ਹਾਂ ਤੇ ਅਸੀਂ ਹੀ ਸਾਰੇ ਹੀ ਉਸ ਦੇ ਵਸ। ਅਸੀਂ ਉਹਨਾ ਦੀ ਗਲ ਕਰ ਰਹੇ ਹਾਂ ਜਿੰਨਾਂ ਨੂੰ ਇਹ ਦ੍ਰਿੜ ਹੋ ਗਿਆ ਕਿ ਅਸੀ ਉਸ ਦੇ ਵਸ ਹਾਂ ਉਹ ਸੇਵਕ ਪ੍ਰਵਾਨ ਹੋਏ ਇਹ ਉਹਨਾ ਵਿਰਲੇ ਪਿਆਰ ਵਾਲਿਆਂ ਦੀ ਗਾਥਾ ਹੈ, ਜਿੰਨਾ ਨੂੰ ਹਣ ਅੰਮ੍ਰਿਤ ਰਸ ਹਰ ਕੀਰਤਨ ਪ੍ਰਾਪਤ ਹੈ ਤੇ ਓਹਨੂੰ ਪੀ ਪੀ ਕੇ ਜਿਉਂਦੇ ਹਨ ਅਤੇ ਉਹਨਾਂ ਨੂੰ ਇਸ ਦੇ ਨਾਲ ਹੀ ਹਿਰਦੇ ਅੰਦਰ ਇਕ ਨਾਮ ਪ੍ਰਾਪਤ ਹੋ ਜਾਂਦਾ ਹੈ।

ਜਾ ਕਾ ਠਾਕੁਰ ਤੁਹੀ ਪ੍ਰਭ ਤਾ ਕੇ ਵਡਭਾਗਾਂ ॥
ਉਹ ਸੁਹੇਲਾ ਸਦ ਸੁਖੀ ਸਭੁ ਭ੍ਰਮ ਕਉ ਭਾਗਾ ॥ ੧
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੁ ਹਮਾਰਾ ॥੧॥ ਰਹਾਉ
ਦੂਜਾ ਨਾਹੀ ਅਉਰੁ ਕੋ ਤਾ ਕਾ ਭਉ ਕਰੀਐ
ਗਰ ਸੇਵਾ ਮਹਲ ਪਾਈਐ ਜਗੁ ਦੁਤਰੁ ਤਰੀਐ ੧
ਦ੍ਰਿਸਟਿ ਤੇਰੀ ਸੁਖ ਪਾਈਐ ਮਨ ਮਾਹਿ ਨਿਧਾਨਾ।
ਜਾ ਕਉ ਤੁਮ ਕਿਰਪਾਲ ਭਏ ਸੇਵਕ ਸੇ ਪਰਵਾਨਾ
ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ
ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ।

ਆਸਾ ਮਹਲਾ ੫

ਅੰਮ੍ਰਿਤ ਰਸ ਹਰ ਕੀਰਤਨ ਨੂੰ ਪ੍ਰਾਪਤ ਮਹਾਂਮਾਨਸ ਮਹਾਂਪੁਰਸ਼ ਉਸ ਮਹਾਗਾਨ ਵਿੱਚ ਸ਼ਾਮਿਲ ਹੋ ਚੁੱਕਾ ਹੈ। ਉਸ ਦਾ ਇਹ ਹਾਲ ਹੁੰਦਾ ਹੈ ਕਿ ਗੁਰੂ ਉਸ ਤੇ ਕਿਰਪਾਲ ਹੁੰਦਾ ਹੈ ਉਸ ਦੀ ਦ੍ਰਿਸ਼ਟੀ ਦਾ ਘੇਰਾ ਏਨਾ ਵਿਸ਼ਾਲ ਹੁੰਦਾ ਹੈ ਕਿ ਉਸ ਨੂੰ ਵਾਹਿਗੁਰੂ ਕਰਤੇ ਦੀ ਕੀਰਤੀ ਤੇ ਕੀਰਤਨ ਕਰ ਰਹੀ ਮਹਿਸੂਸ ਹੁੰਦੀ। ਉਸ ਦਾ ਜੋ ਅਨਾਹਤ ਤਾਲ ਹੁੰਦਾ ਹੈ ਇਹ ਕੀਰਤਨੀਆ ਉਸਦੇ ਨਾਲ ਹੁੰਦਾ ਹੈ।

ਐਸੇ ਆਤਮਕ ਗਿਆਨ ਦੀ ਪ੍ਰਾਪਤੀ, ਸੁਤੇ ਦਾ ਮੁਰਦਾ ਮਨ ਨੂੰ ਨਹੀਂ ਹੋ ਸਕਦੀ। ਉਸ ਦਾ ਹਾਲ ਤਾਂ ਇਹ ਹੈ ਕਿ ਉਹ ਸਾਰੇ ਮਨੁੱਖੀ ਭੌਤਿਕ ਕਰਮ ਕਰ ਰਿਹਾ ਹੈ। ਉਠਦਾ, ਬਹਿੰਦਾ, ਖਾਂਦਾ, ਪੀਂਦਾ, ਦੌੜਦਾ, ਰੋਂਦਾ, ਹਸਦਾ, ਜਾਗਦਾ, ਸੌਂਦਾ, ਦੁਖ ਸੁਖ ਭੋਗਦਾ, ਬੱਚੇ ਪੈਦਾ ਕਰਦਾ, ਫਿਰ ਉਹਨਾਂ ਦੇ ਮੋਹ ਵਿਚ ਮਰਦਾ ਸਭ ਕੁਝ ਕਰਦਾ, ਪਰ ਉਸ ਅਸਲੇ ਵਲੋਂ ਮੂੰਹ ਮੋੜਿਆ ਹੁੰਦਾ ਹੈ ਉਸ ਦਾ ਮਨ ਜੁ ਸੁਤਾ ਹੋਇਆ ਪਿਆ ਹੈ। ਉਸ ਨੂੰ ਮਹਿਸੂਸ ਨਹੀਂ ਹੁੰਦਾ ਕਿ ਉਹ ਕੀ ਕਰ ਰਿਹਾ ਹੈ ਜੇ ਕਿਧਰੇ ਉਸ ਨੂੰ ਰਤਾ ਕੁ ਛੇੜ ਕੇ ਵੇਖੋ ਤਾਂ ਆਪਣਾ ਰੋਣ ਲੈ ਬਹੇਗਾ। 'ਮੈਂ ਘਰ ਘੜਦਾ ਹਾਂ ਮੈਂ ਮਿਹਨਤਾਂ ਕੀਤੀਆਂ, ਮੈਂ ਇਹਨਾਂ ਕੁਝ ਬਣਾਇਆ, ਸਭਨਾਂ ਨੂੰ ਦੇਂਦਾ ਰਿਹਾ, ਮੇਰਾ ਕੀ ਬਣਿਆ, ਮੇਰਾ ਤੇ ਕੁਝ ਬਣਿਆ ਨਾ। ਇਹ ਦਸ਼ਾ ਸਾਡੀ ਬਹੁਤਿਆਂ ਦੀ ਹੈ, ਜਿਹੜੇ ਅਸਾਂ ਉਸ ਮਹਾਨ (ਆਰਬਿਟ) ਪਰੀਧੀ ਵਿੱਚੋਂ ਨਿਕਲ ਚੁਕੇ ਹਾਂ। ਅਸੀਂ ਮਹਾਂਗਾਨ ਵਿਚੋਂ ਨਿਕਲ ਚੁਕੇ ਹਾਂ, ਉਸ ਮਹਾ ਕੀਰਤਨ ਵਿਚ ਨਿਕਲ ਸ਼ ਮਿਲ ਨਹੀਂ, ਹਾਂ ਅਸੀਂ ਉਸ ਵਿਚ ਰੁਝੇ ਹਾਂ, ਜਿਨ੍ਹਾਂ ਉਤੇ ਚਾਨਣ ਦੀ ਕਿਰਪਾ ਕਿਰਣ ਨਹੀਂ ਪਈ ਹੁੰਦੀ ਸਗੋਂ ਚਾਨਣ ਦੇ ਖੇਤਰ ਵਿਚੋਂ ਹਟ ਕੇ ਨੇਰ੍ਹੇ ਵਿਚ ਗੁਆਚੇ ਹਨ। ਉਹਨਾਂ ਨੂੰ 'ਨੇਰ੍ਹੇ' ਦੀ ਕਾਲਖ ਨੇ ਇੰਝ ਗ੍ਰਸਿਆ ਹੁੰਦਾ ਹੈ ਕਿ ਉਹ ਸਾਰੇ ਦੇ ਸਾਰੇ ਹਨੇਰਾ ਰੂਪ ਦਾ ਦਾ ਅਗਿਆਨ ਰੂਪ ਹੋ ਗਏ ਹਨ, ਮੈਲ ਹੋ ਗਏ ਹਨ। ਉਹਨਾਂ ਸਬੰਧੀ ਬਹੁਤ ਸੁੰਦਰ ਫੁਰਮਾਨ ਹੈ, ਹੇ ਮਨੁੱਖ ਤੂੰ ਉਹ ਕੰਮ ਕਰ ਜਿਸ ਨਾਲ ਤੇਰੀ ਇਹ ਦੁਰਦਸ਼ਾ ਨਾ ਹੋਵੇ। ਤੇਰਾ ਮਨ ਸੌਂ ਜਾਏ, ਤੇ ਮਨ ਭੌਂ ਜਾਏ। ਤੂੰ ਐਸੇ ਕੰਮ ਕਰ ਜਿਸ ਨਾਲ ਤੇਰਾ ਸੁਤਾ ਹੋਇਆ ਮਨ ਜਾਗ ਸਕੇ। ਇਹ ਸੰਭਵ ਉਦੋਂ ਹੀ ਹੋਵੇਗਾ ਜਦੋਂ ਹਰੀ ਕੀਰਤਨ ਨਾਲ ਤੇਰਾ ਮਨ ਜਾਗ ਜਾਏਗਾ।

ਸੋ ਕਿਛੁ ਕਰਿ ਜਿਤੁ ਮੈਲੁ ਨਾ ਲਾਗੈ
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ।

ਜਾਗਿਆ ਹੋਇਆ ਮਨ ਇਸ ਮਹਾਗਾਨ, ਮਹਾਕੀਰਤਨ ਵਿਚ ਸ਼ਾਮਲ ਹੋ ਜਾਏਗਾ। ਸੁਰ ਤਾਲ ਤੇ ਲੈ ਵਿਚ ਚਲੇਗਾ। ਉਖੜ ਉਖੜ ਨਹੀਂ ਪਏਗਾ। "ਦੁਖ ਹਉਮੈ, ਮੈਲ" ਗੁਆਚ ਜਾਏਗਾ ਕਰਤੇ ਦੀ ਨੇੜਤਾ ਪ੍ਰਾਪਤ ਹੋਏਗੀ। ਤੇ ਅਗੰਮੀ ਕੀਰਤਨ ਦਾ ਰਸ ਮਾਨਣ ਲਗ ਜਾਏਗਾ।

ਸ਼ਬਦ ਅਨਾਹਤ ਤੇ ਗੁਰ ਸ਼ਬਦ ਸਬੰਧੀ ਅਜਿਹਾ ਹੀ ਪਵਿਤਰ ਸੁਜੋਗ ਹੈ। ਗੁਰੂ ਸ਼ਬਦ ਦੀ ਵੀਚਾਰ ਰਹਸ ਤੇ ਰਮਜ਼ ਨੂੰ ਖੋਲ ਦਿੰਦੀ ਹੈ। ਵਿਚੋਂ ਪੜਦਾ ਹਟ ਜਾਂਦਾ ਹੈ ਸ਼ਬਦ ਅਨਾਹਤ ਸੁਣਾਈ ਦੇਣ ਲਗ ਜਾਂਦਾ ਹੈ, ਹੁਣ ਕੋਈ ਰਲਾ ਨਹੀਂ ਰਹਿ ਜਾਂਦਾ ਹੈ। ਮਨ ਦਾ ਰੌਲਾ ਮੁਕ ਚੁਕਾ ਹੁੰਦਾ ਹੈ। ਮਨ ਹੋਰ ਕੁਛ ਨਹੀਂ ਕਰ ਸਕਦਾ ਕਿਉਂਕਿ ਸ਼ਬਦ-ਸ਼ਾਂਤ ਪ੍ਰਾਪਤ ਹੋ ਚੁੱਕੀ ਹੁੰਦੀ ਹੈ ਬਿਲਕੁਲ ਇਸੇ ਤਰ੍ਹਾਂ ਗੁਰ-ਸ਼ਬਦ ਕੀਰਤਨ ਦੁਆਰਾ ਉਹ ਉਹ ਬੰਦ ਦਰਵਾਜ਼ੇ ਖੁਲ੍ਹ ਜਾਂਦੇ ਹਨ। ਰੁਕਾਵਟਾਂ ਦੂਰ ਹੋ ਜਾਂਦੀਆਂ ਹਨ। ਵਰਨਾਂ ਚਿਹਨਾਂ ਤੋਂ ਬਾਹਰ ਵਾਲਾ ਅਕਾਲ ਪੁਰਖ ਨਿਰੰਕਾਰ, ਜੀਅ ਦਾ ਪਿਆਰਾ ਪਿਆਰਾ, ਭੇਤ ਖੋਲ ਦਿੰਦਾ ਹੈ ਗੁਰੂ-ਸ਼ਬਦ ਕੀਰਤਨ ਨਾਲ ਦਸਤਕ ਦੇਣੀ ਹੁੰਦੀ ਹੈ ਅਤੇ ਕੀਰਤਨ ਦਾ ਅਮਿਓ ਰਸ

ਹਾਸਿਲ ਹੁੰਦਾ ਹੈ ਇਸ ਰਸ ਦੀ ਪ੍ਰਾਪਤੀ ਦੇ ਬਾਦ ਬਾਕੀ ਦੇ ਹੋਰ ਰਸ ਸੁਆਹ ਵਰਗੇ ਹੀ ਲਗਦੇ ਹਨ ਜ ਅਸੀਂ ਆਮ ਲੋਕ ਭਾਵ ਬਹੁਤ ਵਡੀ ਬਹੁ ਗਿਣਤੀ ਇਸ ਸ਼ਬਦ ਅਨਾਹਤ, ਅਨਹਦ ਝੁਨਕਾਰ, ਦਾ ਅੰਮ੍ਰਿਤ ਰਸ ਤੋਂ ਬੇਬਹਿਰਾ ਹਾਂ ਬਿਲਕੁਲ ਬੇਖਬਰ ਜਿਹੜੀ ਆਪੋ ਆਪਣੀ ਦੁਨੀਆਂ ਅਸੀਂ ਬਣਾਈ ਹੋਈ ਹੈ ਉਸੇ ਨੂੰ ਚੰਗਾ ਖੂਬਸੂਰਤ ਤੇ ਸੁਰ ਤਾਲ ਵਿਚ ਮੰਨਦੇ ਹਾਂ। ਦਰ ਅਸਲ ਅਸੀਂ ਸੁਰ ਤੋਂ ਟੁਟੇ ਤੇ ਉਖੜੇ, ਲੈਅ ਤੋਂ ਵਾਂਝੇ ਬੇਸੁਰ ਤੇ ਬੇਤਾਲੇ ਤੁਰਦੇ ਹਾਂ। ਅਸੀਂ ਬਹੁਤੇ ਹੁੰਦੇ ਹਾਂ ਤੇ ਬੇਸੁਰੇ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਸੁਰ ਵਿਚ ਮੰਨਦੇ ਹਾਂ ਬਸ ਇਹੀ ਬੇਸੁਰਾ ਪਨ ਪ੍ਰਧਾਨ ਹੈ ਤੇ ਅਸੀਂ ਏਸ ਹੀ ਪੱਧਰ ਤੇ ਚਲ ਰਹੇ ਹਾਂ। ਜਿਨਾਂ ਨੂੰ ਹਰ ਰਸ, ਅੰਮ੍ਰਿਤ ਰਸ ਦਾ ਅੰਮ੍ਰਿਤ ਰਸ ਹਰਿ ਕੀਰਤਨੋ ਦੀ ਸੋਝੀ ਆ ਗਈ ਹੈ ਉਹਨਾਂ ਨੂੰ ਹੋਰ ਕੋਈ ਰਸ ਮੋਹ ਨਹੀਂ ਸਕਦਾ, ਉਹ ਹੋਰ ਰਸਾਂ ਵਿਚ ਫਸਦੇ ਵੀ ਨਹੀਂ।

ਅਸੀਂ ਜੋ ਕੁਝ ਥੋੜਾ ਬਹੁਤਾ ਕਰ ਵੀ ਰਹੇ ਹਾਂ, ਉਸ ਵਿਚੋਂ ਬਹੁਤਾ ਕੁਝ ਲੋਕਾਂ ਨੂੰ ਪਤਿਆਉਣ ਵਾਸਤੇ। ਇਸ ਸਬੰਧੀ ਲੋਕ ਪ੍ਰਚਾਰਾ ਲੋਕ ਪਤਿਆਉਣ ਦੀ" ਲੋਕ ਪਤੀਣੇ ਕਛੂ ਨਾ ਹੋਵੈ, ਨਾਹੀ ਰਾਮ ਇਆਣਾ"। ਜੈਸੇ ਸਚਤਕ ਹੁਕਮ ਸਾਡੇ ਕੋਲ ਮੌਜੂਦ ਹਨ। ਜਦੋਂ ਮਨ ਕਰਕ, ਤੇ ਦਿਲੋਂ ਅੰਮ੍ਰਿਤ ਰਸ ਦੀ ਸੋਝੀ ਹੋ ਜਾਂਦੀ ਹੈ ਤੇ ਹਰੀ ਪ੍ਰਭੂ ਨਾਲ ਸਿਧਾ ਰਾਬਤਾ ਕਾਇਮ ਹੋ ਜਾਂਦਾ ਹੈ ਫਿਰ ਇਸ ਗਲ ਦੀ ਕਈ ਪ੍ਰਵਾਹ ਨਹੀਂ ਰਹਿੰਦੀ ਕਿ ਪਤੀਦੀ ਹੈ ਕਿ ਨਾਹ ਕਿ ਨਹੀਂ। ਉਹੀ ਅਵਸਥਾ ਮਨ ਤੋਂ ਮਾਨਣ ਦੀ ਹੈ। ਬੇਪਰਵ ਹੀ ਦੀ ਹੈ"।

ਕਹਿ ਕਬੀਰ ਅਬ ਜਾਨਿਆ
ਮਨ ਮਾਨੇ ਲੱਗੁ ਨਾ ਪਤੀਜੈ
ਨ ਪਤੀਦੈ ਤਊ ਕਿਆ ਕੀਜੈ ॥

ਹੁਣ ਮੇਰਾ ਵਾਹਿਗੁਰੂ ਪਤੀ ਜਿਆ ਹੈ। ਹੁਣ ਲੋਕਾਚਾਰ ਦੀ ਕੋਈ ਜ਼ਰੂਰਤ ਨਹੀਂ। ਜੇ ਲੋਕ ਨਹੀਂ ਪਤੀਆਏ ਤਾਂ ਮੈਂ ਕੀ ਕਰਾਂ? ਇਹੀ ਅਵਸਥਾ ਹੈ, 'ਬੇਪਰਬਾਹ ਸਦਾ ਰੰਗ ਹਰਿ ਕੇ" ਵਾਲੀ ਤੇ ਇਸਦੀ ਪ੍ਰਾਪਤੀ ਹੀ ਹਰਿ ਕੀਰਤਨ ਹੈ।

ਏਥੇ ਇਕ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਤਾਂ ਫੇਰ ਵਿਧੀਵਤ ਕੀਰਤਨ ਦੀ ਲੋੜ ਨਾ ਹੋਈ। ਰਾਗਾਂ ਦਾ ਕੀ ਕੰਮ ਹੈ? ਗੁਰੂ ਪਾਤਸ਼ਾਹ ਵਲੋਂ ਦਿਤੇ ਆਦੇਸ਼ਾਤਮਕ ਸੰਕੇਤਾਂ ਦੀ ਕੀ ਮਹੱਤਤਾ ਹੈ। ਘਰ ਸੁਰ-ਤਾਲ, ਪੜਤਾਲ, ਧੁਨੀਆਂ ਆਦਿ ਦਾ ਕੀ ਸਥਾਨ ਹੈ। ਇਹ ਠੀਕ ਹੈ ਕਿ ਇਹਨਾਂ ਸਭਨਾ ਦੀ ਆਪਣੀ ਇਕ ਮਹੱਤਤਾ ਹੈ ਪਰ ਇਹ ਇਸ ਲੇਖ ਦਾ ਮਜ਼ਬੂਨ ਨਹੀਂ। ਫਿਰ ਵੀ ਗੁਰੂ ਪਾਤਸ਼ਾਹ ਦੇ ਅਨੇਕ ਵਡਮੁਲੇ ਹੁਕਮਾਂ ਵਿਚੋਂ ਇਕ-ਅਧਾ ਇਥੇ ਅਵਸ਼ ਲਵਾਂਗੇ।

ਰਾਗ ਰਤਨ ਪਰੀਆ ਪਰਵਾਰ
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ
ਨਾਨਕ ਕਰਤੇ ਕਾ ਇਹੁ ਧਨਮਾਲੁ
ਜੇ ਕੋ ਬੂਝੈ ਏਹੁ ਬੀਚਾਰੁ ॥

ਸ਼ਬਦ ਰਤਨ ਹੈ, ਕੀਰਤਨ ਨਿਰਮੋਲਕ ਹੀਰਾ ਹੈ। ਰਾਗ ਵੀ ਰਤਨ ਹੈ। ਇਹ ਕੇਵਲ ਜ਼ਰੂਰੀ ਹੀ ਨਹੀਂ ਬਲਕਿ ਅਤੀ ਸ਼ੋਭਨੀਕ ਹੈ ਕਿ ਬੇਸ਼ਕੀਮਤ ਹੀਰੇ ਰਤਨ ਜਵਾਹਰ ਅਤੇ ਇਕੱਠੇ ਕਰਕੇ ਉਹਨਾਂ ਦੀ ਰਤਨ-ਮਾਲ ਬਣਾਈ ਜਾਏ ਅਤੇ ਇਕ ਹੋਰ ਰਤਨ, ਜਨਮ-ਰਤਨ ਨੂੰ ਭੰਗ ਦੇ ਭਾੜ ਰੁਲਣ ਤੋਂ ਬਚਾ ਕੇ ਵਿਸ਼ਿਆ ਵਿਕਾਰਾਂ ਵਿਚ ਲਿਪਤ ਹੋਣ ਤੋਂ ਹਟਾ ਕੇ, ਸੁਆਰ ਕੇ, ਬਚਾ ਕੇ ਇਸ ਦੇ ਗਲ ਵਿਚ ਇਹ ਪਵਿਤਰ ਮਾਲਾ ਇਸ ਤਰ੍ਹਾਂ ਨਾਲ ਪਾਈ ਜਾਏ ਕਿ ਓਹ ਗਲ ਦਾ ਹਾਰ ਹੀ ਨਾ ਬਣ ਕੇ ਸਗੋਂ ਉਰਹਾਰ ਬਣ ਜਾਏ। ਹਿਰਦੇ ਦਾ ਹਾਰ ਬਣ ਜਾਏ, ਆਤਮਾ ਦਾ ਸ਼ਿੰਗਾਰ ਬਣ ਜਾਏ ਅਤੇ ਜਨਮ ਸਫਲ ਹੋ ਜਾਏ।

ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਫੁਰਮਾਈ ਬਾਣੀ ਸ੍ਰੀ ਅਨੰਦ ਸਾਹਿਬ ਵਿਚ ਹੁਕਮ ਹੈ

'ਅਨੰਦ ਭਇਆ ਮੇਰੀ ਮਾਇ ਸਤਿਗੁਰੂ ਮੈ ਪਾਇਆ ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ
ਰਾਗ ਰਤਨ ਪਰਵਾਰ ਪਰੀਆ ਸ਼ਬਦ ਗਾਵਣ ਆਈਆ।
ਸ਼ਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ
ਕਹੈ ਨਾਨਕ ਅਨੰਦੁ ਹੋਆ ਸਤਿਗੁਰੂ ਮੈ ਪਾਇਆ

ਇਸ ਤੋਂ ਸਾਫ ਸਪਸ਼ਟ ਹੈ ਕਿ ਉਸ ਅਡਲ ਤੇ ਅਨੰਦਮਈ ਅਵਸਥਾ ਦੀ ਪ੍ਰਾਪਤੀ ਹਰੀ ਸ਼ਬਦ ਗੁਰੂ ਸ਼ਬਦ, ਸਬਦ ਰਤਨ ਨੂੰ ਰਾਗ ਰਤਨ-ਵਿਚ ਰਲਾ ਕੇ ਗਾਉਣ ਨਾਲ ਹੋਵੇਗੀ। ਅਤੇ ਇਹ ਸਭ ਪ੍ਰਾਪਤੀ ਸਤਿਗੁਰੂ ਤੋਂ ਹੈ। ਉਸ ਸਤਿਗੁਰੂ ਦੀ ਪ੍ਰਾਪਤੀ ਸਹਿਜ ਤੋਂ ਹੈ ਤੇ ਇਹ ਸਹਿਜ ਆਨੰਦ ਦੀ ਸਰਦਲ ਹੈ ਤੇ ਆਨੰਦ ਦਾਤਾ ਅਕਾਲ ਪੁਰਖ ਨਾਲ ਮੇਲਣਹਾਰ ਵੀ।

ਰਾਗ ਰਤਨ ਇਕ ਅਸੀਂ ਉਡਾਣ ਦੀ ਅਵਸਥਾ ਪ੍ਰਦਾਨ ਕਰਦਾ ਹੈ ਇਸ ਨਾਲ ਧਰਤੀ ਦੀ ਪਕੜ ਛੁਟ ਜਾਂਦੀ ਹੈ, ਇਸ ਨਾਲ ਮਿੱਟੀ ਦੀ ਪਕੜ ਮੁਕ ਜਾਂਦੀ ਹੈ। ਭੌਤਕ ਖਿਚਾਂ ਨਹੀਂ ਕਰਦੀਆਂ। ਭੂਤ ਬਣ ਕੇ ਚਮੜਦੀਆਂ ਨਹੀਂ ਸਗੋਂ ਇਕ ਵਿਸ਼ੇਸ਼ ਕਿਸਮ ਦੀ ਅਗੰਮੀ ਉਚਤਾ ਪ੍ਰਾਪਤ ਹੋ ਜਾਂਦੀ ਹੈ। ਇਕ (ਫਲਾਈਟ) ਉਡਾਣ ਮਿਲ ਜਾਂਦੀ ਹੈ ਤੇ ਅਸੀਂ ਉਸ ਆਰਬਿਟ ਵਿਚ ਸ਼ਾਮਿਲ ਹੋ ਜਾਂਦੇ ਹਾਂ ਇਸ ਤੋਂ ਅਸੀਂ ਟੁਟੇ ਹੋਏ ਹਾਂ, ਕਿਰਤ ਕਰਮ ਕਾਰਣ ਵਿਛੜੇ ਹੋਏ ਹਾਂ। ਇਸ ਪ੍ਰਕਾਰ ਸਾਨੂੰ ਇਸ ਤਰ੍ਹਾਂ ਭਾਸਣ ਲਗ ਜਾਂਦਾ ਹੈ ਜਿਵੇਂ ਅੰਮ੍ਰਿਤ ਨੂੰ ਹੀਰਿਆ ਜੜੇ ਸੋਨੇ ਸੋਨੇ ਦੇ ਭਾਡੇ ਵਿਚ ਰਖਿਆ ਹੋਵੇ। ਇਹ ਧਨ ਮਾਲ ਕਰਤੇ ਦਾ ਹੈ ਜੋ ਬੁਝਿਆ ਤੇ ਹਾਸਿਲ ਕੀਤਾ ਜਾਂਦਾ ਹੈ ਸ਼ਬਦ ਵਿਚਾਰ ਨਾਲ। ਇਹੀ ਉਹ ਅਵਸਥਾ ਹੈ ਜਿਸ ਨੂੰ ਸੁਰ ਨਰ ਮੁਨ ਜਨ ਸਭ ਲੋਚਦੇ ਹਨ। ਅਤੇ ਵਿਰਲਿਆਂ ਨੂੰ ਗੁਰੂ ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ

ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ  ਜਪਿ ਜਪਿ ਜੀਵੈ ॥

ਇਸ ਤਰ੍ਹਾਂ ਅੰਮ੍ਰਿਤ ਰਸ ਹਰਿ ਕੀਰਤਨ ਦੇ ਨਾਲ ਨਾਮ  ਰਸ ਦੀ ਪ੍ਰਾਪਤੀ ਹੁੰਦੀ ਹੈ ਜੋ ਜੀਵਨ ਨੂੰ ਨਿਰਾ ਜੀਊਣਾ ਨਹੀਂ ਸਗੋਂ ਜੀਊਣ ਜੋਗਾ ਵੀ ਕਰ ਦਿੰਦਾ ਹੈ ।

# ਸਰਦਾਰ ਮਹਿਤਾਬ ਸਿੰਘ : ਇਕ ਯਾਦ ਇਕ ਅਭਿਨੰਦਨ

—ਡਾ. ਜਸਵੰਤ ਸਿੰਘ ਨੇਕੀ
52—ਹੇਮਕੁੰਟ ਕਾਲੋਨੀ, ਨਵੀਂ ਦਿੱਲੀ

ਗੁਰੂ ਵਰੋਸਾਏ ਸਰਦਾਰ ਮਹਿਤਾਬ ਸਿੰਘ ਐਸੇ ਮਹਾਨ ਵਿਅਕਤੀ ਸਨ, ਜਿਹਨਾਂ ਉਪਰ ਸਿਦਕ ਦੀ ਮੁਹਰ, ਸੇਵਾ ਦੀ ਬਖਸਿਸ਼, ਨਿਮਰਤਾ ਦੀ ਰਹਿਮਤ ਅਤੇ ਵੇਖ ਕੇ ਅਣਡਿੱਠ ਕਰਨ ਦੀ ਅਪਾਰ ਸ਼ਕਤੀ ਦੀ ਮਿਹਰਮਤ ਸੀ। ਜੋ ਕੋਈ ਵੀ ਉਹਨਾਂ ਦੇ ਸੰਪਰਕ ਵਿਚ ਆਇਆ, ਉਹਨਾਂ ਦੇ ਸ਼ੁਭ ਗੁਣਾਂ ਸਦਕਾ ਕੀਲਿਆ ਗਿਆ।

ਮੈਨੂੰ ਉਹਨਾਂ ਨੂੰ ਜਾਨਣ ਦਾ ਤੇ ਉਹਨਾਂ ਦੇ ਨਿਕਟ ਆਉਣ ਦਾ ਸੁਭਾਗ ਪ੍ਰਾਪਤ ਹੋਣਾ ਮੇਰੀ ਜ਼ਿੰਦਗੀ ਦੀ ਇਕ ਉਚੇਰੀ ਲਭਤ ਸੀ। ਕਿਤਨਾ ਦਰਦ ਪੰਥ ਲਈ ਉਹਨਾਂ ਦੀ ਆਤਮਾ ਅੰਦਰ ਲਹਿਰਦਾ ਸੀ, ਇਸ ਦਾ ਅੰਦਾਜ਼ਾ ਕੋਈ ਨਹੀਂ ਲਗਾ ਸਕਦਾ। ਜਿਥੇ ਕਿਤੇ ਪੰਥਕ ਭਲੇ ਵਾਸਤੇ ਸੇਵਾ ਦਾ ਅਵਸਰ ਬਣਿਆ, ਸਰਦਾਰ ਮਹਿਤਾਬ ਸਿੰਘ ਉਸ ਵਿਚ ਸੀਰ ਪਾਉਣ ਵਾਲਿਆਂ ਵਿਚ ਮੌਜੂਦ ਸਨ। ਦਾਨ ਉਹਨਾਂ ਦੇ ਖ਼ਮੀਰ ਵਿਚ ਸ਼ਾਮਿਲ ਸੀ। ਚੰਗੇ ਕਾਰਜਾਂ ਲਈ ਖ਼ਰਚ ਕਰਨ ਲਗਿਆਂ ਉਹਨਾਂ ਦਾ ਹੱਥ ਕਦੇ ਪਿੱਛੇ ਨਹੀਂ ਸੀ ਹਟਿਆ। ਬਸ ਇਤਨਾ ਜ਼ਰੂਰ ਚਾਹੁੰਦੇ ਸਨ ਕਿ ਦਾਨ ਸਫ਼ਲ ਹੋਵੇ। ਕਿਸੇ ਸ਼ੁਭ ਕਾਰਜ ਲਈ ਲੱਗੇ। ਕਿਸੇ ਲੋੜਵੰਦ ਦੀ ਲੋੜ ਪੂਰੀ ਕਰੇ। ਰੱਬ ਦੀ ਦਿੱਤੀ ਹੋਈ ਦਾਤ ਨੂੰ ਰੱਬ ਦੀ ਅਮਾਨਤ ਸਮਝਦੇ ਤੇ ਉਸ ਦੇ ਰਾਹ ਵਿਚ ਖ਼ਰਚਣ ਲਗਿਆਂ ਕਦੇ ਦਰੇਗ਼ ਨਹੀਂ ਕਰਦੇ ਸਨ।

ਮੇਰੇ ਇਕ ਸਹਿਜਧਾਰੀ ਮਿੱਤਰ ਨੂੰ ਗੁਰਮੁਖੀ ਨਹੀਂ ਆਉਂਦੀ ਸੀ। ਉਸ ਪਾਸ ਫ਼ਾਰਸੀ ਲਿਪੀ ਵਿਚ ਛਪੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਪਾਵਨ ਬੀੜ ਸੀ, ਜਿਸ ਤੋਂ ਉਹ ਹਰ ਰੋਜ਼ ਪਾਠ ਕਰਦਾ ਸੀ। ਉਹ ਬੀੜ ਹੁਣ ਬਿਰਧ ਹੋ ਗਈ ਸੀ। ਪੱਤਰੇ ਉਸ ਦੇ ਭੁਰਨ ਲਗ ਪਏ ਸਨ, ਤੇ ਪਾਠ ਕਰਨ ਵਿਚ ਕਠਿਨਾਈ ਆ ਰਹੀ ਸੀ। ਉਹਨਾਂ ਨੂੰ ਕਿਸੇ ਦੱਸ ਪਾਈ ਕਿ ਸਰਦਾਰ ਮਹਿਤਾਬ ਸਿੰਘ ਹੋਰਾਂ ਨੂੰ ਬੇਨਤੀ ਕਰੀਏ ਤਾਂ ਉਹ ਫ਼ਾਰਸੀ ਅੱਖਰਾਂ ਵਾਲੀ ਬੀੜ ਦਾ ਇੰਤਜ਼ਾਮ ਕਰ ਦੇਣਗੇ। ਉਹਨਾਂ ਮੈਨੂੰ ਲਿਖਿਆ ਤੇ ਮੈਂ ਸਰਦਾਰ ਜੀ ਪਾਸ ਬੇਨਤੀ ਲੈ ਕੇ ਪੁੱਜਾ। ਕਹਿਣ ਲਗੇ, "ਡਾ: ਸਾਹਿਬ! ਫ਼ਾਰਸੀ ਅੱਖਰਾਂ ਵਿਚ ਬੀੜਾਂ ਮੈਂ ਲੋੜਵੰਦ ਅਭਿਆਸੀਆਂ ਲਈ ਛਪਵਾਈਆਂ ਹੋਈਆਂ ਹਨ, ਤੁਹਾਡੇ ਮਿੱਤਰ ਲਈ ਜ਼ਰੂਰ ਦੇ ਸਕਦਾ ਹਾਂ, ਪਰ ਇਹ ਬੀੜ ਪ੍ਰਾਪਤ ਕਰਨ ਵਾਸਤੇ ਪੂਰਨ ਮਰਯਾਦਾ ਨਾਲ ਆਓ ਤੇ ਪੂਰਨ ਸਤਿਕਾਰ ਨਾਲ ਇਹ ਬੀੜ ਪ੍ਰਾਪਤ ਕਰੋ।" ਮੈਂ ਪੁਛਿਆ, "ਇਸ ਬੀੜ ਦੀ ਭੇਟਾ

ਕੀ ਹੈ ?" ਕਹਿਣ ਲਗੇ, "ਅਰਦਾਸ !...ਆਪਣੇ ਮਿੱਤਰ ਨੂੰ ਕਿਹੋ ਕਿ ਜਦੋਂ ਵੀ ਪਾਠ ਕਰੇ ਤਾਂ ਸਤਿਗੁਰ ਅੱਗੇ ਅਰਦਾਸ ਕਰੇ ਕਿ ਉਹ ਮੈਨੂੰ ਆਪਣੀ ਸੇਵਾ ਵਿਚ ਲਾਈ ਰੱਖਣ ! ਇਸ ਤੋਂ ਛੁੱਟ ਇਸ ਦਾ ਕੋਈ ਮੁੱਲ ਨਹੀਂ "

ਨਿਮਰਤਾ ਤੇ ਨਿਰਮਾਣ ਤਾ ਉਹਨਾਂ ਨੂੰ ਵਿਰਸੇ ਵਿਚ ਮਿਲੀ ਜਾਪਦੀ ਸੀ। ਜੋ ਕੋਈ ਵੀ ਉਹਨਾਂ ਦੇ ਪਿਤਾ ਜੀ ਦੇ ਸੰਪਰਕ ਵਿਚ ਆਇਆ, ਓਹ ਉਹਨਾਂ ਦੀ ਨਿਮਰਤਾ ਨਾਲ ਕੀਲਿਆ ਗਿਆ ਗਿਆ ਇਹੋ ਗੱਲ ਸਰਦਾਰ ਮਹਿਤਾਬ ਸਿੰਘ ਜੀ ਦੀ ਵੀ ਸੀ। ਓਹਨਾਂ ਦੇ ਬੋਲਾਂ ਵਿਚ ਅਤਿਅੰਤ ਮਿਠਾਸ ਸੀ। ਜੀ ਤੋਂ ਬਿਨਾਂ ਨਾ ਉਹਨਾਂ ਦਾ ਕੋਈ ਵਾਕ ਅਰੰਭ ਹੁੰਦਾ ਨਾ ਸਮਾਪਤ। ਆਵਾਜ਼ ਦਾ ਲਹਿਜਾ ਅੰਤਮਾ ਤੀਕ ਉਤਰ ਜਾਣ ਵਾਲਾ ਸੀ ਗੁਰੂ ਮਹਾਰਾਜ ਕਹਿੰਦੇ ਹਨ : "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤ।" ਤ ਚੰਗ ਗੁਣਾਂ ਦਾ ਇਹ ਤੱਤ ਸਤਿਗੁਰਾਂ ਨੇ ਸਰਦਾਰ ਮਹਿਤਾਬ ਸਿੰਘ ਹੋਰਾਂ ਦੀ ਝੋਲੀ ਵਿਚ ਰੱਜ ਕੇ ਪਾਇਆ ਹੋਇਆ ਸੀ। ਉਹਨਾਂ ਦੇ ਵਿਚਾਰ ਬੜੇ ਸੁਧ ਵੀ ਹੁੰਦੇ ਸਨ, ਬਲਵਾਨ ਵੀ ਪੰਥ ਦਾ ਦਰਦ ਉਹਨਾਂ ਦੀ ਸੋਚਣੀ ਦਾ ਮਰਕਜ਼ ਹੁੰਦਾ ਸੀ। ਮੀਟਿੰਗਾਂ ਵਿਚ, ਗੋਸ਼ਟੀਆਂ ਵਿਚ ਆਪਣੀ ਰਾਏ ਤਾਂ ਜ਼ਰੂਰ ਦੇਂਦੇ ਸਨ, ਪਰ ਉਸ ਨਾਲ ਮੋਹ ਨਹੀਂ ਸਨ ਰੱਖਦੇ। ਦੂਜਿਆ ਦੀ ਰਾਏ ਦੀ ਕਦਰ ਕਰਦੇ ਸਨ । ਮੈਂ ਬੜੀਆਂ ਥਾਵਾਂ ਤੇ ਉਹਨਾਂ ਨੂੰ ਰਾਏ ਦੇਂਦਿਆਂ ਵੇਖਿਆ ਸੁਣਿਆ ਹੈ। ਉਹ ਕਦੇ ਉੱਚਾ ਨਹੀਂ ਸਨ ਬੋਲੇ। ਕਦੇ ਵਾਦ ਵਿਵਾਦ ਨਹੀਂ ਕੀਤਾ ਕਦੇ ਕਿਸੇ ਦੀ ਗੱਲ ਕੱਟੀ ਨਹੀਂ। ਸ਼ਿਸ਼ਟਤਾ ਨੂੰ ਕਦੇ ਜ਼ਰਬ ਨਹੀਂ ਆਉਣ ਦਿੱਤੀ। ਉਹ ਜਦ ਵੀ ਬੋਲਦੇ ਉਹਨਾਂ ਦੇ ਮੁਖ ਤੋਂ ਹਮੇਸ਼ਾਂ ਫੁੱਲ ਹੀ ਬਰਸਦੇ। ਕੌੜਾ ਬਚਨ ਮੈਂ ਉਹਨਾਂ ਦੇ ਮੁਖੋਂ ਕਦੇ ਨਹੀਂ ਸੁਣਿਆ। ਵਿਚਾਰ ਉਹਨਾਂ ਦੇ ਸੁਲਝੇ ਹੋਏ ਸਨ ਗਿਆਨ ਮੋਕਲਾ ਸੀ, ਚੇਤੰਨ ਹਰ ਪਖੋਂ ਸਨ। ਇਸ ਲਈ ਜੋ ਕੁਝ ਕਹਿੰਦੇ ਪੂਰੀ ਗੰਭੀਰਤਾ ਨਾਲ ਕਹਿੰਦੇ ਸਨ । ਕਦੇ ਵਾਫ਼ਰ ਗਲ ਮੈਂ ਉਹਨਾਂ ਦੇ ਮੂੰਹੋਂ ਨਹੀਂ ਸੁਣੀ।

ਆਪ ਵਿਦਵਾਨ ਸਨ ਤੇ 'ਵਿਦਿਆ ਤਾਂ ਪਰਉਪਕਾਰੀ' ਦੇ ਮਹਾਂਵਾਕ ਅਨੁਸਾਰ ਇਸ ਪਰਉਪਕਾਰ ਵਿਚ ਵੀ ਜੁਟੇ ਰਹਿੰਦੇ ਸਨ। ਵਿਦਿਆ ਦਾਨੀ ਵੀ ਸਨ। ਮਸੂਰੀ ਵਿਚ ਉਹਨਾਂ ਦਾ ਚਲਾਇਆ ਹੋਇਆ ਗੁਰੂ ਨਾਨਕ ਫ਼ਿਫ਼ਥ ਸੈਟੀਨਰੀ ਸਕੂਲ, ਸਿੱਖ ਵਿਦਿਅਕ ਆਸ਼ਰਮਾਂ ਵਿਚੋਂ ਸਿਰਕੱਢ ਤੇ ਕਿਸੇ ਵੀ ਗੱਲੋਂ ਊਣਾ ਨਹੀਂ। ਉਹਨਾ ਦਾ ਖਿਆਲ ਸੀ ਕਿ ਚੰਗੇ ਸਿੱਖ ਘਰਾਂ ਦੇ ਬੱਚੇ ਈਸਾਈਆਂ ਦੇ ਕਾਨਵੈਂਟ ਸਕੂਲਾਂ ਵਿਚ ਪੜ੍ਹਨ ਪਾਏ ਜਾਂਦੇ ਹਨ। ਇਉਂ ਓਹ ਚੰਗੀ ਸਿੱਖੀ ਵਿਦਿਆ ਤੋਂ ਵਾਂਝੇ ਰਹਿ ਜਾਂਦੇ ਹਨ। ਕਾਨਵੈਂਟ ਸਕੂਲਾਂ ਵਰਗੇ ਪਬਲਿਕ ਸਕੂਲ ਸਾਡੇ ਆਪਣੇ ਹੋਣੇ ਚਾਹੀਦੇ ਹਨ ਉਪਰੋਕਤ ਸਕੂਲ ਉਹਨਾਂ ਦੇ ਜਿਹਨਾਂ ਵਿਚਾਰਾਂ ਦੀ ਤਰਜਮਾਨੀ ਕਰਦਾ ਹੈ। ਆਪ ਨੇ ਤੇ ਆਪ ਦੀ ਧਰਮ ਪਤੀ ਦੋਹਾਂ ਨੇ ਇਸ ਸਕੂਲ ਨੂੰ ਇਸ ਦੇ ਉੱਚੇ ਮਿਆਰ ਤੇ ਪਹੁੰਚਾਉਣ ਲਈ ਬੜੀ ਘਾਲਣਾ ਘਾਲੀ ਹੈ। ਵਿਦਿਆ ਵਿਚ ਓਹਨਾਂ ਦੀ ਦਿਲਚਸਪੀ ਸਦਕਾ ਹੀ ਉਹ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੇ ਕਾਰਜਾਂ ਵਿਚ ਵਧ ਚੜ੍ਹ ਕੇ ਯੋਗਦਾਨ ਪਾਉਂਦੇ ਰਹੇ। ੧੯੯੦ ਵਿੱਚ ਲੁਧਿਆਣੇ ਵਿਚ

੫੭ਵੀਂ ਸਿੱਖ ਵਿਦਿਅਕ ਕਾਨਫਰੰਸ ਸੀ ਤੇ ਆਪ ਤਦ ਤੋਂ ਚੀਫ਼ ਖਾਲਸਾ ਦੀਵਾਨ ਦੇ ਮੀਤ ਪ੍ਰਧਾਨ ਸਨ। ਆਪ ਨੇ ਕੁਝ ਸੁਝਾਓ ਦਿੱਤੇ ਜੋ ਕਿਸੇ ਕਾਰਨ ਗੌਲੇ ਜਾਣ ਤੋਂ ਰਹਿ ਗਏ। ਮੈਂ ਇਸ ਦਾ ਜ਼ਿਕਰ ਸਰਦਾਰ ਮਹਿਤਾਬ ਸਿੰਘ ਹੋਰਾਂ ਪਾਸ ਹਿਰਖ ਨਾਲ ਕੀਤਾ। ਪਰ ਉਹ ਕਹਿਣ ਲਗੇ, "ਮੈਂ ਤਾਂ ਸੇਵਾਦਾਰ ਹਾਂ। ਮਰਜ਼ੀ ਤਾਂ ਮਾਲਕ ਦੀ ਹੁੰਦੀ ਹੈ।" ਮੇਰਾ ਜੀ ਉਹਨਾਂ ਦੀ ਨਿਰਮਾਣਤਾ ਤੋ ਸਦਕੇ ਜਾਣ ਨੂੰ ਕੀਤਾ।

ਨਿੱਤ ਨੇਮੀ, ਰਹਿਤਵਾਨ, ਸਿੱਖੀ ਆਦਰਸ਼ਾਂ ਤੇ ਚਲਣ ਵਾਲੇ ਇਹ ਵੀਰ ਬੜੇ ਹਰਦਿਲ-ਅਜ਼ੀਜ਼ ਸਨ। ਮੈਂ ਕਦੇ ਕਿਸ ਨੂੰ ਉਹਨਾਂ ਬਾਰੇ ਨੀਵੀਂ ਗੱਲ ਕਰਦਿਆਂ ਨਹੀਂ ਸੁਣਿਆ। ਹਰ ਮੁੱਖ ਤੋਂ ਉਹਨਾਂ ਲਈ ਸ਼ਰਧਾ ਭਰੀ ਪ੍ਰਸੰਸਾ ਹੀ ਸੁਣੀ। ਉਹਨਾਂ ਦੇ ਅਕਾਲ ਚਲਾਣੇ ਨਾਲ ਇਕ ਬੜਾ ਵੱਡਾ ਖੱਪਾ ਪੈ ਗਿਆ ਹੈ। ਪੰਥ ਦਰਦੀਆਂ ਵਿਚੋਂ ਇਕ ਚਾਨਣ ਮੁਨਾਰਾ ਉਠ ਗਿਆ ਹੈ।

ਸ੍ਰੀ ਗੁਰੂ ਅਜਰਜ ਦੇਵ ਸਾਹਿਬ ਨੂੰ ਕਿਸੇ ਪੁਛਿਆ ਸੀ, "ਕਿਸੇ ਪੂਰੇ ਗੁਰਸਿੱਖ ਦੀ ਦੱਸ ਪਾਓ।" ਤਾਂ ਉਹਨਾਂ ਭਾਈ ਭਿਖਾਰੀ ਦਾ ਨਾਉਂ ਲਿਆ ਸੀ। ਮੈਨੂੰ ਜੇ ਕਦੇ ਕਿਸੇ ਇਹ ਪ੍ਰਸ਼ਨ ਕੀਤਾ ਤਾਂ ਮੇਰੇ ਮੂੰਹ 'ਚੋਂ ਬੇ-ਅਖ਼ਤਿਆਰ ਸਰਦਾਰ ਮਹਿਤਾਬ ਸਿੰਘ ਹੋਰਾਂ ਦਾ ਨਾਮ ਹੀ ਨਿਕਲਿਆ। ਉਹਨਾਂ ਦਾ ਵਿਛੋੜਾ ਬੜਾ ਦਰਦਨਾਕ ਹੈ। ਪਰ ਮੈਨੂੰ ਵਿਸ਼ਵਾਸ ਹੈ ਕਿ ਉਹਨਾਂ ਦੀ ਜੀਵਾਤਮਾ ਤਾਂ ਸਲਲੈ ਸਲਾਲ ਸਮਾਵਣ ਵਿਚ ਅਵੱਸ਼ ਸਫਲ ਹੋਈ ਹੈ। ਉਹ ਤਾਂ ਸੱਚ ਖੰਡ ਵਿਚ ਪੈਨਾਏ ਜਾ ਰਹੇ ਹਨ। ਅਰਦਾਸ ਹੈ ਅਕਾਲ ਪੁਰਖ ਉਹਨਾਂ ਦੇ ਪਾਏ ਪੂਰਨਿਆਂ ਉਤੇ ਚਲਣ ਦਾ ਬੱਲ ਬਖਸ਼ੇ। ਹਰ ਸਿੱਖ ਹਿਰਦੇ ਵਿਚ ਉਸੇ ਤਰ੍ਹਾਂ ਪੰਥ ਦਾ ਦਰਦ ਧੜਕੇ ਜਿਵੇਂ ਉਹਨਾਂ ਦੇ ਦਿਲ ਵਿਚ ਧੜਕਦਾ ਸੀ।

# 'ਅੰਮ੍ਰਿਤ ਕੀਰਤਨ' ਨੂੰ ਨਵੇਂ ਸਾਲ ਦੀਆਂ ਸ਼ੁਭ-ਕਾਮਨਾਵਾਂ

'ਅੰਮ੍ਰਿਤ ਕੀਰਤਨ' ਕੀਰਤਨ-ਪ੍ਰੇਮੀਆਂ ਦੀ ਸਚੀ ਅਤੇ ਸੁਚੀ ਸੇਵਾ ਕਰਨ ਦਾ ਜਤਨ ਕਰ ਰਿਹਾ ਹੈ। ਬਹੁਤ ਸਾਰੇ ਸੱਜਣਾਂ ਨੇ ਸ਼ੁਭ-ਕਾਮਨਾਵਾਂ ਭੇਜੀਆਂ ਹਨ। ਕੁਝ ਨਾਮ ਪ੍ਰਕਾਸ਼ਿਤ ਕਰ ਰਹੇ ਹਾਂ :

— Mrs Ajit Singh—1821, ਸੈਕਟਰ 34-ਡੀ, ਚੰਡੀਗੜ੍ਹ।

— Amarjit Shah Singh 78-A, Beasley Rd. Leeming WA 6140 Austriala.

— M S. Advani 12613 LLoya Min Ster Dr. North Potomac MD-20878 USA.

— Babli S Singh 35/1 B-Model Gram Ludhiana.

— Inderjit Singh Bedi - 3840. Sector 32-D, Chandigarh.

— Dr. Bachittar Singh - 3321 Nai, Abadi Sirhind Mandr.

— ਸ੍ਰ. ਹਰਭਜਨ ਸਿੰਘ ਚੋਪੜਾ—1098/99, ਸੈਕਟਰ-22, ਚੰਡੀਗੜ੍ਹ।

— ਡਾ. ਗੁਰਨਾਮ ਸਿੰਘ—ਰੀਡਰ ਸੰਗੀਤ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

— ਸ੍ਰ. ਗੁਰਵੰਤ ਸਿੰਘ - ਡਿਪਟੀ ਰਜਿਸਟਰਾਰ, ਇੰਦਰਾ ਗਾਂਧੀ ਓਪਨ ਯੂਨੀਵਰਸਿਟੀ, ਨਵੀਂ ਦਿੱਲੀ।

— ਸ੍ਰੀਮਤੀ ਜੀ. ਮਨਜੀਤ ਸਿੰਘ ਬੀ-15, ਪੰਡਾਰਾ ਰੋਡ, ਨਵੀਂ ਦਿੱਲੀ।

— ਪ੍ਰੋ. ਗੁਰਚਰਨ ਸਿੰਘ - 8/ਬੀ, ਮਾਡਲ ਟਾਊਨ, ਪਟਿਆਲਾ।

— ਸ੍ਰ. ਗੁਰਚਰਨ ਸਿੰਘ—22-ਸੀ, ਮਾਡਲ ਟਾਊਨ ਜਲੰਧਰ।

— ਪ੍ਰੋ. ਹਰਲਾਲ ਸਿੰਘ—2338, ਫੇਜ਼-10, ਮੁਹਾਲੀ।

— ਸ੍ਰ. ਜੈ ਤੇਗ ਸਿੰਘ ਅਨੰਤ—1004, ਸੈਕਟਰ 40-ਬੀ, ਚੰਡੀਗੜ੍ਹ।

— ਸੁਦਰਸ਼ਨ ਸਿੰਘ ਕਾਲਰਾ—ਬੀ-79, ਐਨ ਐਫ.ਐਲ. ਕਲੋਨੀ ਪਾਨੀਪਤ।

— K. K. Ratu 10/884, ਮਾਲਵੀਆ ਨਗਰ ਜੈਪੁਰ।

— ਸ੍ਰ. ਕੰਵਲਜੀਤ ਸਿੰਘ ਸੂਰੀ, 62, ਗੁਰੂ ਨਾਨਕ ਨਗਰ ਜਲੰਧਰ।

# ਗੁਰ ਕੀਰਤਨ ਪ੍ਰੰਪਰਾ ਨੂੰ ਸਮਰਪਿਤ ਭਾਈ ਉਤਮ ਸਿੰਘ ਰਾਗੀ

—ਰਣਜੀਤ ਰਾਹੀ

ਕੀਰਤਨ ਪ੍ਰੰਪਰਾ ਨੂੰ ਪੂਰੀ ਤਰ੍ਹਾਂ ਸਮਰਪਿਤ ਭਾਈ ਉਤਮ ਸਿੰਘ ਅਜਿਹੇ ਕੀਰਤਨੀਆਂ ਵਿਚੋਂ ਹਨ ਜਿਹਨਾਂ ਨੇ ਪ੍ਰੰਪਰਾਗਤ ਟਕਸਾਲੀ ਕੀਰਤਨ ਮਰਿਆਦਾ ਨੂੰ ਆਪਣਾ ਜੀਵਨ ਲਕਸ਼ ਬਣਾਇਆ ਹੋਇਆ ਹੈ। ਸ਼ੁਧ, ਸਪਸ਼ਟ ਤੇ ਰਾਗਮਈ ਕੰਠੀ ਪ੍ਰਵਾਹ ਆਪਦੇ ਗਾਇਨ ਦੀ ਵਿਸ਼ੇਸ਼ਤਾ ਹੈ। ਇਸ ਵਾਰ ਭਾਸ਼ਾ ਵਿਭਾਗ ਵਲੋਂ ਉਹਨਾਂ ਨੂੰ ਸ਼ਰੋਮਣੀ ਰਾਗੀ ਵਜੋਂ ਪੁਰਸਕਾਰ ਦੇਣਾ ਇਕ ਤਰ੍ਹਾਂ ਨਾਲ ਸੁਯੋਗ ਚੋਣ ਕਹੀ ਜਾ ਸਕਦੀ ਹੈ।

ਭਾਈ ਉਤਮ ਸਿੰਘ ਇਸ ਤੋਂ ਪਹਿਲਾਂ ਹਜ਼ੂਰੀ ਰਾਗੀ, ਬਜ਼ੁਰਗ ਕੀਰਤਨੀਏ, ਭਾਈ ਹੀਰਾ ਸਿੰਘ ਐਵਾਰਡ ਵਰਗੀਆਂ ਉਪਾਧੀਆਂ ਨਾਲ ਸਨਮਾਨਿਤ ਹੋ ਚੁਕੇ ਹਨ। ਉਹਨਾਂ ਨੇ ਸਮੇਂ-ਸਮੇਂ ਤਖਤ ਸ੍ਰੀ ਕੇਸਗੜ੍ਹ ਸਾਹਿਬ, ਮੰਜੀ ਸਾਹਿਬ ਅੰਬਾਲਾ, ਗੁਰਦੁਆਰਾ ਦੁਖ ਨਿਵਾਰਣ ਸਾਹਿਬ ਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਗੁਰ ਅਸਥਾਨਾਂ 'ਤੇ ਸੇਵਾ ਨਿਭਾਈ ਹੈ।

ਭਾਈ ਸਾਹਿਬ ਦਾ ਜਨਮ 10 ਜੁਲਾਈ 1928 ਨੂੰ ਗੁਰਮੁਖ ਸਿੰਘ ਦੇ ਘਰ ਪਿੰਡ ਗੋਬਿੰਦਪੁਰਾ, 26 ਚੱਕ, ਤਹਿਸੀਲ ਵਾਲਆ, ਜ਼ਿਲਾ ਗੁਜਰਾਤ (ਪਾਕਿਸਤਾਨ) ਵਿਚ ਹੋਇਆ। ਕੀਰਤਨ ਤੇ ਸੰਗੀਤ ਦੀ ਸਿਖਿਆ ਆਪ ਨੂੰ ਵਿਰਸੇ 'ਚੋਂ ਮਿਲੀ। ਇਸ ਤੋਂ ਬਿਨਾਂ ਆਪ ਨੇ ਸੰਤ ਨਿਹਚਲ ਸਿੰਘ ਸੰਗੀਤ ਵਿਦਿਆਲਾ ਮੰਡੀ ਬਹਾਵਲਦੀਨ, ਭਾਈ ਭੋਲਾ ਸਿੰਘ ਗੋਬਿੰਦਪੁਰੀ ਤੇ ਉਸਤਾਦ ਪਿਆਰੇ ਖਾਂ ਗੁਜਰਾਤੀ ਤੋਂ ਵੀ ਸੰਗੀਤ ਦੀ ਸਿਖਿਆ ਪਰਾਪਤ ਕੀਤੀ। 1950 ਤੋਂ ਆਪ ਨਿਰੰਤਰ ਕੀਰਤਨ ਸੇਵਾ ਵਿਚ ਰੁਝ ਗਏ।

ਆਲ ਇੰਡੀਆ ਰੇਡੀਓ, ਦੂਰਦਰਸ਼ਨ ਤੇ ਕਈ ਸੰਗੀਤ ਖੋਜੀਆਂ ਨੇ ਆਪ ਦੀ ਆਵਾਜ਼ ਨੂੰ ਕੈਸਿਟਾਂ ਵਿਚ ਸਾਂਭਿਆ ਹੈ। ਆਪ ਦੇ ਕੈਸਿਟ ਤੇ ਪੁਰਾਣੇ ਸਪੂਲ ਸੰਗੀਤ ਪ੍ਰੇਮੀਆਂ ਵਿਚ ਬੇਹੱਦ ਮਕਬੂਲ ਹਨ।

'ਪੁਰਾਤਨ ਟਕਸਾਲੀ ਬੰਦਸ਼ਾਂ ਦੀ ਸੁਰਲਿਪੀ' ਨਾਮੀ ਪੁਸਤਕ ਵੀ ਆਪ ਨੇ ਲਿਖੀ ਹੈ। ਆਪ ਸਮੇਂ-ਸਮੇਂ ਭਾਰਤ, ਪਾਕਿਸਤਾਨ ਤੇ ਹੋਰ ਦੇਸ਼ਾਂ ਦੇ ਉਚ-ਪਧਰੀ ਕੀਰਤਨ ਦਰਬਾਰਾਂ/ਸੰਮੇਲਨਾਂ 'ਚ ਸ਼ਾਮਲ ਹੁੰਦੇ ਰਹੇ ਹਨ।

ਇਥੇ ਜ਼ਿਕਰਯੋਗ ਹੈ ਕਿ ਭਾਈ ਸਾਹਿਬ ਦੇ ਬਜ਼ੁਰਗ ਰਾਜਸਥਾਨ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ 'ਚ ਭਰਤੀ ਹੋ ਗਏ ਸਨ। ਬਾਅਦ ਵਿਚ ਉਹਨਾਂ ਨੂੰ ਝਨਾਂ ਦੇ ਕੰਢੇ ਜ਼ਮੀਨ ਅਲਾਟ ਹੋ ਗਈ। ਉਹ ਜ਼ਿਮੀਂਦਾਰ ਕਰਨ ਲੱਗੇ। ਸਿੱਖੀ ਦੇ ਪ੍ਰਚਾਰ ਵਜੋਂ ਉਹਨਾਂ ਦੇ ਵਡੇਰੇ ਬਾਬਾ ਰਾਮ ਸਿੰਘ ਨੇ ਅਧਿਆਤਮ ਤੇ ਸੰਗੀਤ ਦਾ ਮਾਰਗ ਚੁਣ ਲਿਆ।

ਬਾਅਦ ਵਿਚ ਇਹ ਘਰਾਣਾ ਗੁਰ-ਕੀਰਤਨ ਨੂੰ ਸਮਰਪਿਤ ਹੋ ਗਿਆ। ਇਸ ਸਮੇਂ ਆਪ ਤਿਨੋਂ ਪੁਤਰ ਸੰਗੀਤ ਸੇਵਾ ਤੇ ਖੋਜ ਵਿਚ ਲੱਗੇ ਹੋਏ ਹਨ। ਵਡ ਪੁਤਰ ਡਾ. ਜਾਗੀਰ ਸਿੰਘ ਪਰਸਿਧ ਕੀਰਤਨੀਏ, ਸ਼ਰੋਮਣੀ ਰਾਗੀ ਤੇ ਕਈ ਹੋਰ ਸਨਮਾਨ ਪਰਾਪਤ ਕਰ ਚੁਕੇ ਹਨ ਤੇ 'ਅੰਮ੍ਰਿਤ ਕੀਰਤਨ' ਨਾਮੀ ਰਿਸਾਲਾ ਪ੍ਰਕਾਸ਼ਿਤ ਕਰ ਰਹੇ ਹਨ। ਦੂਜੇ ਪੁਤਰ ਡਾ. ਬਚਿੱਤਰ ਸਿੰਘ ਰੇਡੀਓ, ਟੀ.ਵੀ. ਦੇ ਗਾਇਕ ਕਲਾਕਾਰ, ਕਈ ਸੰਗੀਤ ਪੁਸਤਕਾਂ ਦੇ ਲਖਕ ਤੇ ਉਘੇ ਅਧਿਆਪਕ ਹਨ। ਤੀਜੇ ਪੁਤਰ ਡਾ. ਗੁਰਨਾਮ ਸਿੰਘ ਗੁਰੂ ਨਾਨਕ ਵਰਸਿਟੀ ਦੇ ਸੰਗੀਤ ਵਿਭਾਗ ਵਿਚ ਰੀਡਰ ਹਨ। ਉਹਨਾਂ ਨੇ ਕਈ ਸੰਗੀਤ ਪੁਸਤਕਾਂ ਲਿਖੀਆਂ ਤੇ ਸਨਮਾਨ ਪਰਾਪਤ ਕੀਤੇ ਹਨ।

ਭਾਈ ਸਾਹਿਬ ਦੇ ਅਨੇਕਾਂ ਸ਼ਾਗਿਰਦਾਂ ਵਿਚੋਂ 15 ਦੇ ਕਰੀਬ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਬਤੌਰ ਰਾਗੀ ਸੇਵਾ ਕਰ ਰਹੇ ਹਨ। ਇਸ ਸਮੇਂ ਆਪ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿਖੇ ਇਕ ਕੀਰਤਨ ਚੌਂਕੀ ਦੀ ਨਿਸ਼ਕਾਮ ਸੇਵਾ ਕਰ ਰਹੇ ਹਨ। ਗੁਰੂ ਸਾਹਿਬਾਨ ਦੁਆਰਾ ਗੁਰਮਤਿ ਪ੍ਰੰਪਰਾ ਨੂੰ ਆਖਰੀ ਸੁਆਸਾਂ ਤਕ ਆਪਣੀ ਸੇਵਾ ਦੁਆਰਾ ਚਲਾਉਣਾ ਉਹਨਾ ਦਾ ਜੀਵਨ ਲਕਸ਼ ਹੈ।

# ਰਾਗ ਬਿਲਾਵਲ

– ਜੀ. ਐਸ. ਸਰਦਾਰ
1/98 ਰਾਜਿੰਦਰ ਨਗਰ, ਨਵੀਂ ਦਿੱਲੀ

ਜਾਣਕਾਰੀ—ਬਿਲਾਵਲ ਥਾਟ ਦਾ ਰਾਗ ਹੈ। ਇਸ ਦੇ ਕਈ ਪਰਕਾਰ ਹਨ। ਸ਼ੁਧ ਬਿਲਾਵਲ ਅਲਾਹੀਆ ਬਿਲਾਵਲ, ਸ਼ੁਕਲ ਬਿਲਾਵਲੁ ਆਦਿ। ਅਸੀਂ ਸ਼ੁਧ ਬਿਲਾਵਲ ਦੀ ਬੰਦਿਸ਼ ਲਿਖ ਰਹੇ ਹਾਂ। ਇਸ ਵਿਚ ਸਤ ਸੁਰ ਸ਼ੁਧ ਲਗਦੇ ਹਨ। ਆਰੋਹ ਵਿਚ 'ਮ' ਸੁਰ ਬਹੁਤ ਘਟ ਲਗਦਾ ਹੈ। ਅਵਰੋਹੀ ਵਿਚ ਥੋੜਾ 'ਨੀ' ਕੋਮਲ ਵੀ ਲਗਾ ਦੇਂਦੇ ਹਨ। ਇਹ ਰਾਗ ਦਿਨ ਦੇ ਪਹਿਲੇ ਪਹਿਰ ਵਿਚ ਗਾਇਆ ਜਾਂਦਾ ਹੈ।

ਆਰੋਹ—ਸ ਰੇ ਗ ਮ ਪ ਧ ਨਿ ਸੰ

ਅਵਰੋਹ—ਸੰ ਨਿ ਧ ਪ ਮ ਗ ਰੇ ਸ

## ਬਿਲਾਵਲੁ ਮਹਲਾ ੫ (੮੦੨)

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥
ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥
ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੇ ॥
ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੇ ॥ ੪॥੧॥੪॥

O my Lofty, Peerless and Endless Lord, who can know Thine virtues ?

They who sing Thine excellences are saved, saved are they who hear them and all their sins effaced.

O Lord, Thou savest the beasts, goblins and the fools and ferriest, Thou across even the stones.

Slave Nanak, seeks Thy refuge, O Lord and is ever, ever a sacrifice upto Thee.

ਹੇ ਮੇਰੇ ਬੁਲੰਦ, ਲਾਸਾਨੀ ਅਤੇ ਅਨੰਤ ਸਾਹਿਬ ਤੇਂਡੀਆਂ ਨੇਕੀਆਂ ਨੂੰ ਕੌਣ ਜਾਣ ਸਕਦਾ ਹੈ ?

ਜੋ ਤੇਰੀਆਂ ਉਤਕ੍ਰਿਸ਼ਟਤਾਈਆਂ ਗਾਇਨ ਕਰਦੇ ਹਨ ਉਹ ਬਚ ਜਾਂਦੇ ਹਨ। ਬਚ ਉਹ ਜਾਂਦੇ ਹਨ ਜੋ ਉਹਨਾਂ ਨੂੰ ਸੁਣਦੇ ਹਨ ਅਤੇ ਉਹਨਾਂ ਦੇ ਸਾਰੇ ਕਸਮਲ ਕਟੇ ਜਾਂਦੇ ਹਨ।

ਹੇ ਪ੍ਰਭੂ ! ਤੂੰ ਡੰਗਰਾਂ, ਭੂਤਾਂ ਅਤੇ ਮੂਰਖਾਂ ਨੂੰ ਤਾਰ ਦਿੰਦਾ ਹੈਂ ਅਤੇ ਤੂੰ ਪੱਥਰਾਂ ਨੂੰ ਭੀ ਪਾਰ ਕਰ ਦਿੰਦਾ ਹੈਂ।

ਗੋਲਾ ਨਾਨਕ ਤੇਰੀ ਸ਼ਰਣਾਗਤ ਲੋੜਦਾ ਹੈ, ਸੁਆਮੀ ! ਅਤੇ ਹਮੇਸ਼ਾ, ਹਮੇਸ਼ਾ ਤੇਰੇ ਉਤੋਂ ਘੱਲਦਾ ਵੰਞਦਾ ਹੈ।

# ਰਾਗ ਸ਼ੁਧ ਬਿਲਾਵਲੁ ਤਾਲ ਕਹਿਰਵਾ
# (ਤਿਲਵਾੜਾ)

| | | | | | | | |
|---|---|---|---|---|---|---|---|
| ਸ | ਰੇ | ਗ | ਰੇ | ਗ | ਮ | ਪ | ਧ |
| ਊ | s | ਚ | ਅ | ਪਾ | s | ਰ | ਬੇ |
| ਪ | ਮ | ਗ | ਰੇ | ਗ | ਰੇ | ਸ | - |
| ਅੰ | s | ਤ | ਸੁ | ਆ | s | ਮੀ | s |
| ਪ | - | ਪ | ਧ | ਪ | ਮ | ਗ | ਰੇ |
| ਕਉ | s | ਣ | ਜਾ | ਣੈ | s | ਗੁ | ਣ |
| ਗ | ਰੇ | ਸ | - | | | | |
| ਤੇ | s | ਰੇ | s | | | | |

## ਅੰਤਰਾ

| | | | | | | | |
|---|---|---|---|---|---|---|---|
| ਪ | ਪ | ਪ | ਪ | ਧ | ਧ | ਨਿ | ਨਿ |
| ਗਾ | s | ਵ | ਤੇ | ਉ | ਧ | ਰਹਿ | s |
| ਸਂ | ਸਂ | ਸਂ | ਸਂ | ਸਂ | ਰੇ | ਸਂ | - |
| ਸੁ | ਨ | ਤੇ | s | ਉ | ਧ | ਰਹਿ | s |
| ਸ | ਨਿ | ਧ | ਪ | ਮ | ਗ | ਰੇ | ਗ |
| ਬਿ | ਨ | ਸਹਿ | s | ਪਾ | s | ਪ | ਘ |
| ਰੇ | - | ਸ | - | | | | |
| ਨੇ | s | ਰੇ | s | | | | |

ਨੋਟ :—ਬਾਕੀ ਅੰਤਰੇ ਇਸੀ ਸੁਰ ਲਿਪੀ ਤੇ ਹਨ।

# ਗੁਰੂ ਨਾਨਕ ਦੇਵ ਜੀ ਅਤੇ ਕੀਰਤਨ

ਪ੍ਰਿੰਸੀਪਲ ਸਤਬੀਰ ਸਿੰਘ

ਗੁਰੂ ਜੀ ਨੇ ਬਗਦਾਦ ਵਿਚ ਰਾਗ ਤੇ ਸ਼ਬਦ ਦੀ ਮਹੱਤਤਾ ਦਰਸਾਈ। ਆਪ ਜੀ ਦਾ ਫ਼ਰਮਾਨ ਸੀ, ਕਿ ਰਤਨ ਰੂਪੀ ਰਾਗ ਵਿਚ ਅੱਲਾਹ ਤੱਕ ਲੈ ਜਾਣ ਦੀ ਸ਼ਕਤੀ ਵੀ ਹੈ ਅਤੇ ਅੰਦਰ ਅੰਮ੍ਰਿਤ ਦਾ ਚਸ਼ਮਾ ਚਲਾਉਣ ਦਾ ਵੱਲ ਵੀ। ਵਹਿਗੁਰੂ ਦਾ ਖ਼ਜ਼ਾਨਾ ਇਹ ਰਾਗ ਵੀ ਹੈ:

'ਰਾਗ ਰਤਨ ਪਰੀਆ ਪਰਵਾਰ।
ਤਿਸ ਵਿਚ ਉਪਜੈ ਅੰਮ੍ਰਿਤ ਸਾਰ।
ਨਾਨਕ ਕਰਤੇ ਕਾ ਇਹ ਧਨ ਮਾਲੁ।" (ਆਸਾ ਮ: ੧)

ਇਸ ਸਚਾਈ ਨੂੰ ਜਾਣਨਾ ਜ਼ਰੂਰੀ ਹੈ। ਰਾਗ ਇਕਸੁਰਤਾ, ਸਮਤੋਲਤਾ, ਸਵੱਛਤਾ, ਸਰੂਰ, ਤੇ ਮਹਾਨਤਾ ਵਿਚੋਂ ਪੈਦਾ ਹੁੰਦਾ ਹੈ, ਰਾਗ ਅੰਦਰਲੇ ਦੀ ਬੋਲੀ ਹੈ। ਜਿਵੇਂ ਮਨ ਦੇ ਖ਼ਿਆਲਾਂ ਨੂੰ ਪ੍ਰਗਟ ਕਰਨ ਦੀ ਬੋਲੀ ਭਾਖਾ ਹੈ, ਰਾਗ ਅੰਦਰਲੇ ਦੀ ਬੋਲੀ ਹੈ। ਰਾਗ ਵਿਚ ਸ਼ਬਦ ਰਲ ਜਾਏ ਤਾਂ ਕੀਰਤਨ ਹੋ ਜਾਂਦਾ ਹੈ, ਜੋ ਆਤਮਾ ਤੇ ਪ੍ਰਮਾਤਮਾ ਨੂੰ ਮਿਲਾ ਦਿੰਦਾ ਹੈ। ਫਿਰ ਰਾਗ ਮਨੁੱਖ ਦੀ ਰਚਨਾ ਨਹੀਂ ਹੈ ਮਨੁੱਖ ਨੇ ਕੇਵਲ ਇਸ ਦੇ ਨੇਮਾਂ ਨੂੰ ਲੱਭਿਆ ਹੈ। ਇਹ ਕੁਦਰਤੀ ਵਸਤੂ ਹੈ। ਜਦ ਪੀਰ ਨੇ ਸ਼ਰਹ ਵਿਚ ਰਾਗ ਬੰਦ ਦੀ ਗੱਲ ਕਹੀ ਤਾਂ ਗੁਰੂ ਨਾਨਕ ਜੀ ਨੇ ਕਿਹਾ ਕਿ 'ਮਾੜਾ ਰਾਗ' ਉਨ੍ਹਾਂ ਬੰਦ ਕੀਤਾ ਸੀ, ਅੱਲਾਹ ਦੀ ਯਾਦ ਵਾਲਾ ਨਹੀਂ। ਜੇ ਐਸਾ ਨਾ ਹੁੰਦਾ ਤਾਂ ਆਪਣੀ ਸੁਪੱਤਨੀ ਆਇਸ਼ਾਂ ਨੂੰ ਮੋਢਿਆਂ ਤੇ ਚੁੱਕ ਕੇ ਅਬਦਾਲਾਂ ਦਾ ਸੰਗੀਤ ਸੁਣਾਉਣ ਲਈ ਹਜ਼ਰਤ ਮੁਹੰਮਦ ਆਪੂੰ ਨਾ ਲੈ ਜਾਂਦੇ। ਰਾਗ ਲਿਵ ਜੋੜਦਾ ਹੈ ਤੇ ਸਾਡਾ ਮਾਰਗ ਲਿਵ ਦਾ ਮਾਰਗ ਹੈ। ਜਦ ਕੋਈ ਪੁਰਸ਼ ਆਪਣਾ ਸਭ ਕੁੱਝ ਰੱਬ ਨੂੰ ਸੌਂਪ ਦੇਵੇ ਤਾਂ ਵਹਿਗੁਰੂ ਉਸ ਨੂੰ ਆਪਣੇ ਚੁਣੇ ਹੋਏ ਬੰਦਿਆਂ ਵਿਚ ਗਿਣਦਾ ਹੈ। ਵਹਿਗੁਰੂ ਐਸੇ ਬੰਦੇ ਨੂੰ ਉਜਲ ਬੁੱਧੀ, ਪਿਆਰ ਦਾ ਖ਼ਜ਼ਾਨਾ, ਸਭ ਇਲਮ ਅਤੇ ਮਿਹਰ ਮੁਹੱਬਤ ਦੀ ਦਾਤ ਦੇਂਦਾ ਹੈ

ਜਿਸ ਬਹਿਲੋਲ ਨੂੰ ਨਿਸ਼ਚੇ ਦੀ ਦਾਤ ਦਿੱਤੀ ਸੀ, ਉਹ ਇਤਨਾ ਬੇਪ੍ਰਵਾਹ ਹੋ ਗਿਆ ਕਿ ਇਕ ਸਮੇਂ ਈਰਾਕ ਦਾ ਬਾਦਸ਼ਾਹ ਉਸ ਪਾਸ ਆਇਆ ਤਾਂ ਉਹ ਇਕ ਕੰਧ ਨਾਲ ਢੋ ਲਗਾ, ਲੱਤਾਂ ਨਿਸਲ ਕਰ, ਆਰਾਮ ਪਏ ਕਰਦੇ ਸਨ। ਉਸ ਕੁੱਝ ਮੰਗਣ ਲਈ ਕਿਹਾ ਤਾਂ ਕਹਿਣ ਲੱਗੇ:

ਬੱਸ ਇਹ ਕਿ ਤੁਹਾਡੇ ਵਰਗੇ ਬਾਦਸ਼ਾਹ, ਫ਼ਕੀਰਾਂ ਪਾਸ ਉਨ੍ਹਾਂ ਦਾ ਵਕਤ ਜ਼ਾਇਆ ਕਰਨ ਨਾ ਆਇਆ ਕਰਨ। ਜਦ ਬਾਦਸ਼ਾਹ ਚਲਾ ਗਿਆ ਤਾਂ ਸਾਥੀ ਫ਼ਕੀਰ ਕਹਿਣ ਲੱਗੇ ਕਿ ਇਤਨਾ ਤਾਂ ਕਹਿ ਦੇਂਦੇ ਕਿ ਹੁੱਜਰਾ (ਇਬਾਦਤ ਖ਼ਾਨਾ) ਦੀ ਛੱਤ ਟੁੱਟੀ ਹੈ। ਉਸ ਬਣਵਾ ਦੇਣੀ ਸੀ। ਬਹਿਲੋਲ ਇਹ ਸੁਣ ਕਹਿਣ ਲੱਗੇ। "ਯਾਦ ਰੱਖਣਾ ਫ਼ਕੀਰੋ! ਹੱਥ ਪਸਾਰਨ ਵਾਲੇ ਲੱਤਾਂ ਨਹੀਂ ਪਸਾਰ ਸਕਦੇ।"

# ਕੈਸਟ—ਆਪ ਲੀਏ ਲੜਿ ਲਾਇ

**ਕੰਪਨੀ—ਅੰਮ੍ਰਿਤ ਵਰਖਾ**

**7/1 ਵੈਸਟ ਪਟੇਲ ਨਗਰ-ਨਵੀਂ ਦਿੱਲੀ**

ਇਸ ਕੈਸਟ ਵਿਚ ਕੀਰਤਨ ਭਾਈ ਮਹਿੰਦਰਜੀਤ ਸਿੰਘ ਦਿੱਲੀ ਵਾਲਿਆਂ ਬੜੇ ਹੀ ਸਹਿਜ ਨਾਲ ਸੋਹਣੇ ਢੰਗ ਨਾਲ ਕੀਤਾ ਹੈ। ਭਾਈ ਸਾਹਿਬ ਨੌਜਆਨ-ਪੀੜੀ ਦੇ ਹੋਣਹਾਰ ਕੀਰਤਨੀਏ ਹਨ। ਆਪ ਤੇ ਵਾਹਿਗੁਰੂ ਦੀ ਅਪਾਰ ਕਿਰਪਾ ਹੈ। ਆਪ ਬੜੇ ਰਸ ਭਿੰਨੇ ਕੀਰਤਨ ਦੁਆਰਾ ਗੁਰੂ ਘਰ ਦੀ ਉਸਤਤੀ ਸੰਗਤਾਂ ਵਿਚ ਵੰਡ ਰਹੇ ਹਨ!

ਭਾਈ ਸਾਹਿਬ ਨੇ ਇਸ ਕੈਸਟ ਵਿਚ ਚਾਰ ਸ਼ਬਦਾਂ ਦਾ ਕੀਰਤਨ ਕੀਤਾ ਹੈ।

ਏ ਸਾਈਡ ਦੇ ਸ਼ਬਦ ਹਨ।

1. ਤੇਰੇ ਦੁਆਰੇ ਧੁਨ ਸਹਿਜ ਕੀ
2. ਵਿਚ ਦੁਨੀਆਂ

ਸ਼ਬਦਾਂ ਦਾ ਉਚਾਰਨ ਬੜੇ ਸਹਿਜ ਢੰਗ ਨਾਲ ਕੀਤਾ। ਇਹ ਮਨ ਨੂੰ ਅਨੰਦਮਈ ਅਵਸਥਾ ਵਿਚ ਲੈ ਆਉਂਦਾ ਹੈ। ਇਸ ਕੈਸਟ ਵਿਚ ਹਰਮੋਨੀਅਮ ਅਤੇ ਤਬਲੇ ਦਾ ਸਾਥ ਢੁਕਵਾਂ ਹੈ। ਇਸ ਉਦਮ ਲਈ ਅੰਮ੍ਰਿਤ ਵਰਖਾ ਕੰਪਨੀ ਦੀ ਸਲਾਘਾ ਕਰਨੀ ਬਣਦੀ ਹੈ ਜੋ ਨੌਜੁਆਨ ਕੀਰਤਨੀਆਂ ਦੀਆਂ ਕੈਸਟਾਂ ਤਿਆਰ ਕਰਕੇ ਉਤਸ਼ਾਹ ਵਧਾ ਰਹੇ ਹਨ।

## ਪਾਠ ਦੀਆਂ ਕੈਸਟਾਂ

1. ਜਪੁਜੀ ਸਾਹਿਬ, ਅਨੰਦ ਸਾਹਿਬ, ਅਰਦਾਸ, ਰਹਿਰਾਸ ਸਾਹਿਬ, ਸੋਹਿਲਾ ਸਾਹਿਬ, ਅਰਦਾਸ।

## 2. ਸ੍ਰੀ ਸੁਖਮਨੀ ਸਾਹਿਬ

ਇਹ ਦੋਵੇਂ ਕੈਸਟਾਂ ਵੀ ਅੰਮ੍ਰਿਤ ਵਰਖਾ ਕੰਪਨੀ ਨੇ ਤਿਆਰ ਕੀਤੀਆਂ ਹਨ। ਇਹਨਾਂ ਵਿਚ ਪਾਠ ਡਾਕਟਰ ਜਾਗੀਰ ਸਿੰਘ ਚੰਡੀਗੜ੍ਹ ਵਾਲਿਆਂ ਨੇ ਕੀਤਾ ਹੈ। ਇਹਨਾਂ ਵਿਚੋਂ ਪਾਠ ਸੁਣ ਕੇ ਮੈਨੂੰ ਲੱਗਾ ਹੈ ਅਸੀਂ ਭਾਵੇਂ ਪਾਠ ਨਮ ਨਾਲ ਕਰਦੇ ਹਾਂ ਪਰ ਸ਼ਬਦਾਂ ਅਤੇ ਤੁਕਾਂ ਦੇ ਉਚਾਰਨ ਵਲ ਘਟ ਧਿਆਨ ਦਿੰਦੇ ਹਾਂ! 'ਕਿਥੇ ਵਿਸ਼ਰਾਮ ਦੇਣਾ? ਇਹ ਵੀ ਸਾਨੂੰ ਪਤਾ ਨਹੀਂ ਲਗਦਾ। ਇਹ ਕੈਸਟਾਂ ਸ਼ੁਧ ਪਾਠ ਕਰਨ ਵਿਚ ਵੀ ਮਦਦਗਾਰ ਸਾਬਤ ਹੋ ਰਹੀਆਂ ਹਨ! ਡਾਕਟਰ ਸਾਹਿਬ ਨੇ ਪਾਠ ਬੜੇ ਸਹਿਜ ਅਤੇ ਸਪਸ਼ਟ ਢੰਗ ਨਾਲ ਕੀਤਾ ਹੈ।

**ਨਰੇਂਦਰਪਾਲ ਸਿੰਘ**
K G I/21 Vikaspuri
New Delhi

# ਸੌ ਸਾਲ ਪੁਰਾਣੇ ਗਵਈਏ

ਪ੍ਰੋ. ਪਿਆਰਾ ਸਿੰਘ ਪਦਮ

(ਲੜੀ ਜੋੜਨ ਲਈ ਦੇਖੋ ਅਕਤੂਬਰ 93 ਦੇ ਅੰਕ ਜਿਸ ਵਿਚ ਰਬਾਬੀਆਂ ਦੀ ਸੂਚੀ ਦਿਤੀ ਜਾ ਚੁਕੀ ਹੈ)

## (੨) ਫਹਿਰਿਸਤ ਰਾਗੀਆਂ ਦੀ

| ਨੰ: | ਨਾਮ ਜ਼ਿਲਾ ਵਗੈਰਾ | ਨਾਮ ਗਵੇਯਾ ਸਿੰਘ ਦਾ | ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰ ਸਕਦਾ ਹੈ ਕਿ ਨਹੀਂ | ਪੇਸ਼ਾ ਗਵੇਯਾ ਸਿੰਘ ਦਾ | ਪਤਾ, ਡਾਕ. ਗਵੇਯ ਸਿੰਘ ਦਾ |
|---|---|---|---|---|---|
| 1. | ਅੰਮ੍ਰਿਤਸਰ | ਭਾਈ ਹਰਸਾ ਸਿੰਘ ਜੀ ਧੂਪੀਏ | ਪੜ੍ਹ ਸਕਦੇ ਹਨ | ਮੁਲ ਜ਼ਮ | ਅੰਮ੍ਰਿਤਸਰ ਕਟੜਾ ਮਿਤ ਸਿੰਘ ਗਲੀ ਮਾਨਾਂ ਵਾਲੀ |
| 2. | ,, | ਭਾਈ ਉਤਮ ਸਿੰਘ ਜੀ | ,, | ਹਕੀਮ | ਅੰਮ੍ਰਿਤਸਰ ਚੌਕ ਬਾਬਾ ਅਟਲ ਰਾਇ ਜੀ |
| 3. | ,, | ਭਾਈ ਲਾਲ ਸਿੰਘ ਜੀ | ,, | ਪਟ ਫੇਰਦਾਂ ਹੈ | ,, ਕਟੜਾ ਖਜਾਨਾ |
| 4. | ,, | ਭਾਈ ਗੰਗਾ ਸਿੰਘ ਜੀ | ,, | ਦੁਕਾਨਦਾਰ | ,, ਬਾਜ਼ਾਰ ਚੰਰਸਤੀ ਅਟਾਰੀ |
| 5. | ,, | ਭਾਈ ਠਾਕਰ ਸਿੰਘ ਜੀ | ,, | ਮੁਲਾਜ਼ਮਤ | ,, ਚਾਵਲ ਮੰਡੀ ਕੂਚਾ ਘਾੜਿਆਂਲੀਆ |
| 6. | ਕੁਹਾਟ | ਭਾਈ ਹੀਰਾ ਸਿੰਘ ਜੀ | ,, | ,, | ਕੁਹਾਟ ਪਲਟਨ ਨੰਬਰ 2 ਸਿਖ |

| | | | | | |
|---|---|---|---|---|---|
| 7. | ,, | ਭਾਈ ਨਿਰਮਲ ਸਿੰਘ ਜੀ | ,, | ਭਾਟੜਾ | ਖਾਸ ਕੁਹਾਟ |
| 8. | ਸ਼ਾਹਪੁਰ | ਭਾਈ ਕਾਲੂ ਸਿੰਘ ਜੀ | ,, | ਦੂਕਨਦਾਰ | ਖਾਸ ਪਿੰਡ ਦਾਦਨ ਖਾਂ |
| 9. | ,, | ਭਾਈ ਜੀਵਨ ਸਿੰਘ ਜੀ | ,, | ,, | ,, |
| 10. | ,, | ਭਾਈ ਗਿਆਨ ਸਿੰਘ ਜੀ | ,, | ,, | ,, |
| 11. | ,, | ਭਾਈ ਅਮੀਰ ਸਿੰਘ ਜੀ | ,, | ,, | ,, |
| 12. | ,, | ਭਾਈ ਰਾਮ ਸਿੰਘ ਜੀ | ,, | ਧਰਮਸਾਲੀਆ | ,, |
| 13. | ,, | ਭਾਈ ਸੰਤ ਸਿੰਘ ਜੀ | ,, | ਦੁਕਾਨਦਾਰ | ,, |
| 14. | ਗੁਜਰਾਤ | ਭਾਈ ਸ਼ੇਰ ਸਿੰਘ ਜੀ | ,, | ,, | ਮੁਕਾਮ ਡਿੰਗਾ ਤੈਹਸੀਲ ਖਾਰੀਆਂ |
| 15. | ,, | ਭਾਈ ਨਾਨਕ ਸਿੰਘ ਜੀ | ,, | ਤਜਾਰਤ | ,, |
| 16. | ,, | ਭਾਈ ਪ੍ਰੇਮ ਸਿੰਘ ਜੀ | ,, | ਦੁਕਾਨਦਾਰ | ,, |
| 17. | ,, | ਭਾਈ ਦੇਵਾ ਸਿੰਘ ਜੀ | ,, | ਸਿਖੀ ਸੇਵਕ | ,, |

# ਫ਼ੈਹਰਿਸਤ ਬਜੰਤ੍ਰੀਆਂ ਦੀ

| ਨੰ: | ਨਾਮ ਜ਼ਿਲਾ ਵਗੈਰਾ | ਨਾਮ ਉਨ੍ਹਾ ਸਿੰਘਾਂ ਦਾ ਜੋ ਬਜੰਤ੍ਰ ਵਿਦਯ ਵਿਖੇ ਪ੍ਰਬੀਨ ਹਨ | ਖਾਸ ਗੁਣ | ਪੇਸ਼ਾ | ਪਤਾ, ਡਾਕ: |
|---|---|---|---|---|---|
| 1. | ਰਿਆਸਤ ਜੀਂਦ | ਭਾਈ ਗੱਜਾ ਸਿੰਘ ਜੀ ਮਹੰਤ | ਤੰਤ੍ਰ ਵਿਦਯਾ ਯਾਨੇ ਤਾਂ ਉਸ਼ ਵਗੈਰਹ ਦੇ ਵਜਾਉਣ ਵਿਖੇ | ਮਹੰਤੀ | ਮੰਗਰੂਰ ਗੁਰਦੁਆਰਾ ਗੁਰੂ ਸਰ ਕੇ ਮਹੰਤ |

| | | | | | |
|---|---|---|---|---|---|
| 2. | ਅੰਮ੍ਰਿਤਸਰ | ਭਾਈ ਸ਼ਾਮ ਸਿੰਘ ਜੀ | ਬਹੁਤ ਅੱਛੇ ਹਨ ਹਰਮੋਨੀਅਮ ਚੰਗਾ ਵਜਾਉਂਦੇ ਹਨ | ਦੁਕਾਨਦਾਰ | ਚਾਵਲ ਮੰਡੀ ਅੰਮ੍ਰਿਤਸਰ |

ਸਾਰੇ ਹਿਤੈਸ਼ੀ ਸੱਜਣ ਹੌਲੀ-ਹੌਲੀ ਰਾਗੀ ਸਿੰਘਾਂ ਨੂੰ ਪ੍ਰਾਚੀਨ ਧਾਰਨਾਂ ਪਰ ਸ਼ਬਦ ਗਾਇਨ ਕਰਨ ਵਲ ਕਾਇਮ ਰਖਣਗੇ ਤੇ ਅਜਕਲ ਦੀਆਂ ਧਾਰਨਾਂ ਜੋ ਇੰਦਰ ਸਭਾ ਆਦ ਨਾਟਕਾਂ ਦੀਆਂ ਨਕਲਾਂ ਹਨ ਅਤੇ ਜਿਹਨਾ ਦਾ ਰਵਾਜ ਅਵਿਦਯਾ ਦੇ ਕਾਰਨ ਘਰਾਂ ਵਿਚ ਫੈਲਦਾ ਜਾਂਦਾ ਹੈ ਰੋਕਣਗੇ ਤਾਂਕਿ ਸਤਿਗੁਰਾਂ ਦੀ ਬਾਣੀ ਤੇ ਆਤਮਕ ਸੁਖ ਮਿਲੇ।

| ਨੰ: | ਨਾਮ ਜ਼ਿਲਾ | ਨਾਮ ਚੌਕੀ | ਨਾਮ ਚੌਕੀ ਦੇ ਮੁਖੀਏ ਦਾ | ਖਾਸ ਗੁਣ | ਸ਼ਬਦ ਭੇਟ ਅਰਦਾਸ ਦਾ ਵੇਰਵਾ | ਪਤਾ, ਡਾਕ: |
|---|---|---|---|---|---|---|
| 1. | ਅੰਮ੍ਰਿਤਸਰ | ਭਾਈ ਸ਼ਾਮ ਸਿੰਘ ਜੀ ਦੀ | ਭਾਈ ਸ਼ਾਮ ਸਿੰਘ ਜੀ ਸੰਤ | ਪਿਛਲੀ ਰਾਤ ਸ੍ਰੀ ਦਰਬਾਰ ਸਾਹਬ ਕੀਰਤਨ ਕਰਦੇ ਹਨ | ਮੁਕਰ੍ਰ ਨਹੀਂ | ਧਰਮਸਾਲਾ ਭਾਈ ਸੋਭਾ ਰਾਮ ਜੀ ਅਡਣ ਸ਼ਾਹੀ ਬਾਜ਼ਾਰ ਹਰੀ ਸਿੰਘ ਜੀ ਅੰਮ੍ਰਿਤਸਰ |
| 2. | ,, | ਵੱਡੇ ਰਾਗੀ ਸ੍ਰੀ ਦਰਬਾਰ ਸਾਹਿਬ ਦੇ | ਭਾਈ ਚੇਤ ਸਿੰਘ ਜੀ | ਆਸਾ ਦੀ ਵਾਰ ਲਾਉਂਦੇ ਹਨ ਸ੍ਰੀ ਦਰਬਾਰ ਸਾਹਿਬ ਵਿਚ | ੧ | ਕੂਚਾ ਭਾਈ ਮਾਨ ਸਿੰਘ ਜੀ ਰਾਗੀ ਚੌਕ ਦਰਬਾਰ ਸ੍ਰੀ ਅੰਮ੍ਰਿਤਸਰ |
| 3. | ,, | ਭਾਈ ਉਤਮ ਸਿੰਘ ਜੀ ਦੀ | ਭਾਈ ਉਤਮ ਸਿੰਘ ਜੀ | ਸੰਤ | ੧ | ਧਰਮਸਾਲਾ ਭਾਈ ਅਮੀਰ ਸਿੰਘ ਜੀ ਕਟੜਾ ਕਰਮ ਸਿੰਘ ਅੰਮ੍ਰਿਤਸਰ |
| 4. | ,, | ਭਾਈ ਕਰਮ ਸਿੰਘ ਜੀ ਦੀ | ਭਾਈ ਕਰਮ ਸਿੰਘ ਜੀ | ਰਾਗੀ ਸ੍ਰੀ ਦਰਬਾਰ ਸਾਹਿਬ ਜੀ | ੧ | ਮਲਵਈ ਬੁੰਗੇ ਸ੍ਰੀ ਦਰਬਾਰ |

| | | | | | | |
|---|---|---|---|---|---|---|
| | | | | | | ਸਾਹਿਬ ਜੀ |
| 5. | ,, | ਭਾਈ ਮਤਾਬ ਸਿੰਘ, ਉਤਮ ਸਿੰਘ ਜੀ ਦੀ ਦੀ | ਭਾਈ ਉਤਮ ਸਿੰਘ ਜੀ | ,, | ੧ | ਕਟੜਾ ਨਿਹਾਲ ਸਿੰਘ ਜੀ |
| 6. | ,, | ਭ ਈ ਕਪੂਰ ਸਿੰਘ ਜੀ ਦੀ | ਭਾਈ ਕਪੂਰ ਸਿੰਘ ਜੀ | ,, | ੧ | ਧਰਮਸਾਲਾ ਭਾਈ ਮਿਸ਼ਰਾ ਸਿੰਘ ਬਾਜ਼ਾਰ ਲਛਮਨ ਸਰ |
| 7. | ,, | ਭਾਈ ਗੁਰਦਿਤ ਸਿੰਘ ਜੀ ਦੀ | ਭਾਈ ਗੁਰਦਿਤ ਸਿੰਘ ਜੀ | ,, | ੧ | ਕਟੜਾ ਨਿਹਾਲ ਸਿੰਘ ਧਰਮਸਾਲਾ ਜੇਠੂਵਾਲੀਆਂ ਅੰਮ੍ਰਿਤਸਰ |
| 8. | ,, | ਭਾਈ ਮਾਘ ਸਿੰਘ ਜੀ ਦੀ | ਭਾਈ ਮਾਘ ਸਿੰਘ ਜੀ | ,, | ॥ | ਕਟੜਾ ਨਿਹਾਲ ਸਿੰਘ ਧਰਮਸਾਲਾ ਨਾਨਕ ਸਰੀਆਂ ਅੰਮ੍ਰਿਤਸਰ |
| 9. | ,, | ਭਾਈ ਬੁਧ ਸਿੰਘ ਜੀ ਦੀ | ਭਾਈ ਬੁਧ ਸਿੰਘ ਜੀ | ਪਾਠਕ ਲਿਖਾਰੀ | ੧ | ਚੌਕ ਬਾਬਾ ਅਟਲ ਸਾਹਿਬ ਜੀ ਅੰਮ੍ਰਿਤਸਰ |
| 10. | ,, | ਭਾਈ ਭਗਤ ਸਿੰਘ ਜੀ ਦੀ | ਭਾਈ ਭਗਤ ਸਿੰਘ ਜੀ | ਸ਼ਬਦਾਂ ਨਾਲ ਸਾਖੀਆਂ ਪੜ੍ਹਦੇ ਹਨ | ੧ | ਮੁਤਸਿਲ ਕੌਲ ਸਰ |
| 11. | ,, | ਭਾਈ ਮੋਤਾ ਸਿੰਘ ਜੀ ਦੀ | ਭਾਈ ਮੋਤਾ ਸਿੰਘ ਜੀ | ,, | ੧ | ਚੌਕ ਦਰਬਾਰ ਸਾਹਿਬ ਮੁਕਾਮ ਤਰਨਤਾਰਨ |
| 12. | ,, | ਭਾਈ ਲਾਭ ਸਿੰਘ ਜੀ ਦੀ | ਭਾਈ ਲਾਭ ਸਿੰਘ ਜੀ ਇਕਲਾ ਹੈ | ਸੂਰਮਾ ਸਿੰਘ | । | ਕੂਚਾ ਵਧਾਊ ਬਾਜ਼ਾਰ ਰਾਮਗੜ੍ਹੀਆਂ ਅੰਮ੍ਰਿਤਸਰ |
| 13. | ,, | ਭਾਈ ਨੰਦ ਸਿੰਘ ਜੀ ਦੀ | ਭਾਈ ਨੰਦ ਸਿੰਘ ਜੀ | ਬਾਬੇ ਅਟਲ ਸਾਹਿਬ ਜੀ ਦੇ ਰਾਗੀ | ॥= | ,, |
| 14. | ,, | ਭਾਈ ਵਜੀਰ ਸਿੰਘ ਜੀ ਦੀ | ਭਾਈ ਵਜੀਰ ਸਿੰਘ ਜੀ | ਤਖਤ ਅਕਾਲ ਬੁੰਗੇ ਸਾਹਿਬ ਆਸਾ ਦੀ ਵਾਰ | ੧ | ਮਲਵਈ ਬੁੰਗਾ ਅੰਮ੍ਰਿਤਸਰ |

## Using Daswanth wisely by helping exemplery Organizations/Inividuals

1. Guru Gobind Singh Study Circle, Model Town Extn. LUDHIANA-141002

2. Sikh Missionery College, 1051, Kucha 14, Field Ganj, LUDHIANA-141008 (For Gurmat prachar on all India Basis)

3. Bhawan Bani Trnst, Mausam Bagh, Sitapur Road, Lucknow-20

4. Lachhman Chellaram, Saproon (Solan) & Pune (For Hindi Translation of Gurbani)

5. Sikh Book Centre, Model Town. LUDHIANA-2 (For all types of sikh literaure)

6. For Sikh Children Good Missionery Schools Like : Akal Academy, BARU SAHIB H. P.-173101 Guru Nanak Fifth Centanery Shool, Mussoorie ; Dagshai Public School, Dagshai Cantt., H. P.-173210 ; Guru Ramdas Academy, Rajpur Rd, Dehradun with expenses around Rs 2000/month incl. Residential.

7. SGPC Amritsar & DSGPC, Mata Sundri Rd, New Delhi-1, for very limited Prachar.

8. Language Deptt, PATIALA, for making available classics at low price.

9. Source Oragnizations/individuals for Sikh Periodicals, given below.

10. Sr Bhagwant Singh Dilwari, Sewa personified, at Tapovan, Amaravati.

## IMPORTANT SIKH PERIODICALS

1. Sikh Review (E) Rs. 1100...116, Karnai Mansions, 25-A, Park St. CALCUTTA-16 (yrly.) (for Life)

2. Sada Virsa Sada Gaurav 40/300 Guru Gobind Singh Study Circie. P & H

3. Sikh Phulwari P & H 30/350 Sikh Missionary

College.

4. Soora (P) 30/250 390, Dashmesh Cloth Market, Ajit Nagr, AMRITSAR. Pb

5. Sawa Joti (P) Free. Tikana Bhai Jagta, GONIANA Distt-Bathinda. Pb.-151201

6. Gurmat Parkash (P) Rs. 20/200 SGPC, Amritsar Pb

7. Sachkhand Patra P/H/E 40/400 Takht Sachkhand Sri Hazur Sb NANDED, MS-431 601

8. Sis Gang (P) 40/400 Gurudwara Mata Sundri, Mata Sundri Lane, NEW DEHLI-2

9. Weekly Khalsa Samachar (P) Rs. 100 Bhai Vir Singh Sadan, Bhai Vir Singh Rd, NEW DELHI-2

10. Amrit Kirtan (P) Rs. 50/500 422, Sector. 15 A CHANDIGARH.

11. Panchvati Sandesh (Quarterlty) P/H/E Rs. 40/750 Dr. Balbir Singh Sahitya Kendra 20, Pritam Rd. DEHRADUN U. P.

P : Punjabi H : Hindi E : English

With Best Wishes Prayers

J. P. Nanda

4/19 Ashirvad endclave

Dehradun U. P.

# ਸੱਚ ਦੀ ਰਾਹ ਤੇ—ਦੋ ਪੁਸਤਕਾਂ

## 1. ਯਾਤਰਾ ਸੱਚਖੰਡ ਦੀ

ਲੇਖਕ : ਸੰਤ ਜੋਗਿੰਦਰ ਸਿੰਘ

ਪ੍ਰਕਾਸ਼ਨ : ਗੁਰੂ ਤੇਗ ਬਹਾਦਰ ਨਾਮ ਸਿਮਰਨ ਫਾਊਂਡਸ਼ਨ 303,
ਆਇਵਰੀ ਟਾਵਰ-1, ਜੂਹ ਰੋਡ ਬੰਬਈ

ਪੰਨੇ : 120, ਮੁਲ : 30 ਰੁਪਏ

ਗੁਰਬਾਣੀ ਸੱਚ ਦੀ ਤਲਾਸ਼ ਕਰਨ ਵਿਚ ਮਨੁੱਖ ਮਾਤਰ ਲਈ ਮਾਰਗ ਦਰਸ਼ਕ ਬਣੀ ਹੈ। ਕਿਸ ਇਕ ਫਿਰਕੇ ਦੀ ਮਲਕੀਅਤ ਬਣਾ ਕੇ ਇਸ ਦੀ ਵਡਿਆਈ ਨੂੰ ਹੱਦ-ਬੰਦ ਕਰਨਾ ਉਚਿਤ ਨਹੀਂ। ਇਸ ਅਥਾਹ ਅੰਮ੍ਰਿਤ ਸਾਗਰ ਵਿਚੋਂ ਆਪਣੀ ਬੌਧਿਕ ਅਤੇ ਆਤਮਿਕ ਸਮਰਥਾ ਅਨੁਸਾਰ ਹਰ ਕੋਈ ਘੁੱਟ ਭਰਨ ਦਾ ਯਤਨ ਕਰਦਾ ਹੈ ਅਤੇ ਪ੍ਰਾਪਤ ਹੋਈ ਮਿਹਰ ਅਨੁਸਾਰ ਹੀ ਸੰਤੁਸ਼ਟੀ ਦਾ ਭਾਗੀ ਵੀ ਬਣਦਾ ਹੈ। ਕੋਈ ਵਿਰਲਾ ਅਧਿ-ਆਤਮਕ ਮਾਰਗ ਦਾ ਰਾਹੀ 'ਆਪ ਜਪੇ – ਅਵਰੇ ਨਾਮ ਜਪਾਵੇ' ਦਾ ਸਮਰਥਨ ਕਰਦਾ ਹੋਇਆ ਆਪਣਾ ਗਿਆਨ, ਆਪਣੀ ਸੰਵੇਦਨਾ ਅਤੇ ਆਪਣਾ ਅਨੁਭਵ ਹੋਰ ਸਮ-ਮਾਰਗੀਆਂ ਨਾਲ ਸਾਂਝਾ ਕਰਦਾ ਹੈ—ਕਦੀ ਪੁਸਤਕ ਦੇ ਰੂਪ ਵਿਚ, ਕਦੀ ਗੋਸ਼ਟੀ ਦੇ ਰੂਪ ਵਿਚ ਅਤੇ ਕਦੀ ਵਿਚਾਰਾਂ ਦੇ ਰੂਪ ਵਿਚ। ਅਜਿਹਾ ਵਿਰਲਾ ਰਾਹੀ ਸਤਸੰਗਤ ਦੇ ਅਰਥਾਂ ਨੂੰ ਪਸਾਰ ਦੇ ਰਿਹਾ ਹੁੰਦਾ ਹੈ ਅਤੇ ਸਚਿਆਰਾ ਹੋਣ ਦੀ ਰਾਹ ਤੇ ਤੁਰਦਿਆਂ ਹੋਰ ਸੰਗੀ ਵੀ ਤਿਆਰ ਕਰ ਰਿਹਾ ਹੁੰਦਾ ਹੈ। ਸੰਤ ਜੋਗਿੰਦਰ ਸਿੰਘ ਸੇਠੀ—ਅਜਿਹੇ ਹੀ ਵਿਰਲੇ ਮਹਾਂਪੁਰਖਾਂ ਵਿਚੋਂ ਇਕ ਹਨ।

ਸੰਤ ਦੇ ਪ੍ਰਚਲਿਤ ਅਰਥਾਂ ਵਿਚ ਸਰਦਾਰ ਜੋਗਿੰਦਰ ਸਿੰਘ ਭਾਵੇਂ ਸੰਤ ਨਾ ਕਹਾਉਣਾ ਚਾਹੁਣ ਕਿਉਂ ਜੋ ਉਹ ਬੈਂਕ ਦੀ ਨੌਕਰੀ ਤੇ ਉਚ ਅਹੁਦੇ ਤੋਂ ਸੇਵਾ ਮੁਕਤ ਹੋਣ ਪਿਛੋਂ ਗੁਰਮਤ ਅਤੇ ਨਾਮ ਸਿਮਰਨ ਪਰਚਾਰ ਵਲ ਰੁਚਿਤ ਹੋਏ ਹਨ ਅਤੇ ਐਮ.ਏ.ਐਲ.ਐਲ.ਬੀ. ਵਿਦਅਕ ਯੋਗਤਾ ਉਹਨਾਂ ਨੂੰ ਸੰਤ ਸ਼ਬਦ ਦੇ ਪ੍ਰਚਲਿਤ ਅਰਥਾਂ ਤੋਂ ਬਹੁਤ ਦੂਰ ਲੈ ਜਾਂਦੀ ਹੈ, ਪਰ ਇਸ ਸ਼ਬਦ ਦੇ ਸਹੀ ਅਰਥਾਂ ਦੀ ਵਰਤੋਂ ਕਰੀਏ ਤਾਂ ਗੁਰਬਾਣੀ ਦੀ ਵਿਆਖਿਆ ਅਤੇ ਗੁਰਮਤ ਮਾਰਗ ਸਬੰਧੀ ਰਚੀਆਂ ਉਹਨਾਂ ਦੀਆਂ ਪੁਸਤਕਾਂ ਇਸ ਸ਼ਬਦ ਦੀ ਵਰਤੋਂ ਉਹਨਾਂ ਲਈ ਸਭ ਤੋਂ ਵਧ ਉਪਯੋਗੀ ਸਿਧ ਕਰਦੀਆਂ ਹਨ—'ਤਾਂ ਯਾਤਰਾ ਸੱਚਖੰਡ ਦੀ' ਇਸੇ ਵਿਚਾਰ ਦਾ ਸਮਰਥਨ ਮਾਤਰ ਹੈ।

ਗੁਰੂ ਨਾਨਕ ਦੇਵ ਜੀ ਰਚਿਤ ਜਪੁਜੀ ਸਾਹਿਬ ਅਸਲ ਵਿਚ ਅਜਿਹੀ ਸੂਤਰ-ਬਧ

ਕਾਵਿ ਪਰਾਪਤੀ ਹੈ ਜਿਸ ਵਿਚ ਵਰਤੇ ਇਕ-ਇਕ ਸ਼ਬਦ ਦੀ ਡੂੰਘਾਈ ਤੀਕ ਉਤਰਨ ਦੀ ਲੋੜ ਹੈ। ਵੇਦ ਮੰਤਰਾਂ ਦੇ ਪਾਠ ਵਾਂਗ ਇਸ ਸ਼ਬਦ ਦਾ ਕੇਵਲ ਰਟਨ ਹੀ ਸਾਰੀਆਂ ਸਮਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਇਸ ਦੀ ਹਰ ਪਉੜੀ ਦੀ ਹਰ ਸਤਰ ਅਤੇ ਹਰ ਸ਼ਬਦ ਦੇ ਅੰਤਰੀਵੀਂ ਭਾਵਾਂ ਨਾਲ ਸਾਂਝ ਪਾ ਕੇ ਉਹਨਾਂ ਉਤੇ ਅਮਨ ਕਰਨ ਨਾਲ ਹੀ ਅਧਿਆਤਮਕ ਮਾਰਗ ਦੀਆਂ ਬਹੁਤੀਆ ਰੁਕਾਵਟਾਂ ਪਾਰ ਕੀਤੀਆਂ ਜਾ ਸਕਦੀਆਂ ਹਨ। 'ਯਾਤਰਾ ਸੱਚਖੰਡ ਦੀ' ਵਿਚ ਲਖਕ ਨੇ ਇਸ ਬਾਣੀ ਦੀਆਂ 34 ਤੋਂ 37 ਪਾਉੜੀਆਂ ਦੀ ਵਿਆਖਿਆ ਕਰਨ ਦੇ ਨਾਲ-ਨਾਲ ਗੁਰਮਤ ਮਾਰਗ ਸਬੰਧੀ ਆਪਣੇ ਵਿਚਾਰਾਂ ਦੀ ਪੁਸ਼ਟੀ ਹਿੱਤ ਗੁਰਬਾਣੀ ਵਿਚੋਂ ਹੀ ਕੁਝ ਪ੍ਰਮਾਣ ਵੀ ਪੇਸ਼ ਕੀਤੇ ਹਨ।

ਧਰਮ ਖੰਡ ਬਾਰੇ ਪਉੜੀ ਦੀ ਵਿਆਖਿਆ ਤੋਂ ਪਹਿਲਾਂ ਸੰਤ ਜੀ ਨੇ ਪਉੜੀ ਸ਼ਬਦ ਸਬੰਧੀ ਪ੍ਰਚਲਿਤ ਅਰਥ ਪੇਸ਼ ਕਰਦਿਆਂ ਵਾਰ ਦੇ ਸਾਹਿਤਕ ਰੂਪ ਦੇ ਇਕ ਛੰਦ ਹੋਣ ਬਾਰੇ ਸੰਕੇਤ ਨਹੀਂ ਕੀਤਾ। ਗੁਰੂ ਗਰੰਥ ਸਾਹਿਬ ਵਿਚ ਸਮਿਲਤ ਸਾਰੀਆਂ ਵਾਰਾ ਹੀ ਇਸੇ ਛੰਦ ਰੂਪ ਵਿਚ ਉਚਾਰਣ ਕੀਤੀਆਂ ਗਈਆਂ ਹਨ।

ਸੰਤ ਜੋਗਿੰਦਰ ਸਿੰਘ ਜੀ ਨੇ ਧਰਮਖੰਡ, ਗਿਆਨਖੰਡ, ਸਰਮਖੰਡ, ਕਰਮਖੰਡ, ਅਤੇ ਸੱਚਖੰਡ ਦੀ ਯਾਤਰਾ ਵਿਚ ਪਾਠਕ ਨੂੰ ਆਪਣੇ ਵਿਚਾਰ ਸੌਖੀ, ਰੌਚਕ ਅਤੇ ਤਰਕ ਸੰਗਤ ਭਾਸ਼ਾ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ। ਤੁਕਾਂ ਦੇ ਅਰਥ ਤਾਂ ਪ੍ਰਚਲਿਤ ਵਿਚਾਰ-ਧਾਰਾ ਅਨੁਸਾਰ ਹੀ ਹਨ ਪਰ ਬਹੁਤੀ ਵਾਰ ਵਿਆਖਿਆ ਕਰਦਿਆਂ ਉਹਨਾਂ ਨੇ ਤੁਕਾਂ ਨੇ ਤੁਕਾਂ ਦੇ ਅਰਥਾਂ ਨੂੰ ਵਧੇਰੇ ਵਿਸਥਾਰ ਅਤੇ ਪਸਾਰ ਦੇਣ ਦਾ ਸਫਲ ਯਤਨ ਕੀਤਾ ਹੈ। ਉਦਾਹਰਣ ਵਜੋਂ ਸਰਮਖੰਡ ਦੀ ਪਉੜੀ ਵਿਚਲੀ ਤੁਕ 'ਤਿਥੈ ਘੜੀਐ ਸੁਰਤਿ ਮਤਿ ਮਨ ਬੁਧਿ' ਦੀ ਵਿਆਖਿਆ ਇਸ ਪਰਕਾਰ ਹੈ :

'ਮਨ ਤੇ ਪਈ ਮੈਲ, ਕਚਰੇ ਨੂੰ ਉਤਾਰਨ ਦੇ ਚਾਰ ਮੁਖ ਤਰੀਕੇ ਮੰਨੇ ਜਾਂਦੇ ਹਨ : 1. ਗਿਆਨ (ਸੁਰਤਿ) 2. ਸੇਵਾ (ਮਤਿ) 3. ਭਗਤੀ (ਮਨਿ) 4. ਗਿਆਨ (ਬਧਿ) ਗਿਆਨ ਤੇ ਧਿਆਨ ਦੇ ਮਾਰਗ ਬੁਧੀ ਤੋਂ ਸ਼ੁਰੂ ਹੁੰਦੇ ਹਨ, ਪ੍ਰੇਮ ਤੇ ਸੇਵਾ ਦੇ ਹਿਰਦੇ ਤੋਂ ਗਿਆਨ ਤੇ ਧਿਆਨ ਮਾਰਗ ਵਿਚ ਇਕੋ ਬਚਦਾ ਹੈ (ਆਤਮਾ ਜਾਂ ਪ੍ਰਮਾਤਮਾ) ਪ੍ਰੇਮ ਤੇ ਸੇਵਾ ਦੇ ਮਾਰਗ ਵਿਚ ਦੋਵੇਂ ਹੀ ਬਚਦੇ ਹਨ (ਭਗਤ ਵੀ ਤੇ ਭਗਵਾਨ ਵੀ)। ਇਹਨਾਂ ਚਾਰ ਮਾਰਗਾਂ ਵਿਚੋਂ ਅਸੀਂ ਕਿਸੇ ਇਕ ਤੇ ਪਹੁੰਚ ਸਕਦੇ ਹਾਂ...

ਇਸ ਤੋਂ ਅੱਗੇ ਧਿਆਨ, ਗਿਆਨ ਸਵਾ ਅਤੇ ਭਗਤੀ ਮਾਰਗ ਦੀਆਂ ਲੋੜਾਂ ਅਤੇ ਸੰਭਾਵਨਾਵਾਂ ਬਾਰੇ ਦੱਸ ਕੇ ਗੁਰਮਤ-ਰਾਹ ਦੇ ਪਾਂਧੀਆਂ ਬਾਰੇ ਵਿਚਾਰ ਰਖਦੇ ਹਨ :-

ਸਿੱਖ ਸਾਰੇ ਮਾਰਗਾਂ ਦਾ ਅਭਿਆਸ ਕਰਦਾ ਹੈ। ਸਵੇਰੇ ਉਠ ਕੇ ਸਿਮਰਨ (ਧਿਆਨ ਮਾਰਗ) ਕਰਦਾ ਹੈ, ਬਾਅਦ ਵਿਚ ਗੁਰਬਾਣੀ ਪੜ੍ਹਦਾ, ਵਿਚਾਰਦਾ (ਗਿਆਨ ਮਾਰਗ) ਹੈ, ਫਿਰ ਗੁਰਦਵਾਰੇ ਜਾ ਕੇ ਸਾਧ ਸੰਗਤ ਨਾਲ ਰਲ ਕੇ ਕੀਰਤਨ ਭਜਨ (ਭਗਤੀ ਮਾਰਗ) ਕਰਦਾ ਹੈ ਤੇ ਗੁਰਦਵਾਰੇ ਦੀ, ਸਾਧ ਸੰਗਤ ਦੀ, ਲੰਗਰ ਦੀ ਸੇਵਾ (ਸੇਵਾ ਮਾਰਗ) ਕਰਦਾ ਹੈ।"